ਵਰਿਆਮ

ਫਰਵਰੀ ੧੯੭੯

੧/-

ਬੱਚੇ ਜਿਹਾ ਨਾ ਮੇਵਾ ਡਿੱਠਾ
ਜਿਤਨਾ ਕੱਚਾ ਉਤਨਾ ਮਿੱਠਾ
(ਮੋਹਨ ਸਿੰਘ)

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS

FROM

Harbhajan Sarabjit Associates

ENGINEERS & CONTRACTORS

124, Dussehra Ground, K O T A - 9

(Rajasthan)

ਵਰਿਆਮ ਫਰਵਰੀ ੧੯੭੯

Sri Satguru Jagjit Singh Ji Elibrary NamdhariElibrary@gmail.com

ਮਾਸਕ **ਵਰਿਆਮ** ਫਰਵਰੀ ੧੯੭੯

ਜਿਲਦ ਨੰ: ੪ ਅੰਕ ਨੰ: ੪

ਪ੍ਰਕਾਸ਼ਨ ਮਿਤੀ ੧੦--੨—੧੯੭੯

ਸੰਪਾਦਕ : ਜਗਦੀਸ਼ ਸਿੰਘ

ਸਹਿਯੋਗ : ਅਵਤਾਰ ਸਿੰਘ

ਮੁੱਲ ਪ੍ਰਤੀ ਕਾਪੀ : ੧ ਰੁਪਿਆ
ਸਾਲਾਨਾ ਚੰਦਾ ਦੇਸ : ੧੨ ਰੁਪਏ
,, ,, ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ, ਪੀ,

Office Address
Monthly WARIAM
(Punjabi)
Ladowali Road
Jullundur-144001
Phone : 72504 P.P.

ਬਾਲ ਵਰ੍ਹਾ (ਕਵਿਤਾ) ਸੁਖਵੰਤ ਬਟਾਲਵੀ ੨
ਇਕ ਅਵਸਥਾ (ਕਵਿਤਾ) ਤਰਲੋਕ ਮਨਸੂਰ ੨
ਮੇਰੇ ਗੀਤਾਂ ਨੂੰ ਦੇ ਦੇਵੋ (ਕਵਿਤਾ) ਸੁਰਿੰਦਰ ਸਾਗਰ ੩
ਬਾਲ ਵਰਸ ਦੇ ਸੰਦਰਭ ਵਿਚ (ਕਵਿਤਾ) ਓ. ਪੀ, ਗੁਪਤਾ ੩
ਅਰਦਾਸ (ਮਲੇਸ਼ੀਆ ਦੀ ਲੋਕ ਕੱਥਾ) ਤੂਲੀ ੩
ਸੀਟ ਨੰਬਰ ਤੇਰਾਂ (ਕਹਾਣੀ) ਹਰਭਜਨ ਸਿੰਘ ਖੇਮਕਰਨੀ ੪
ਕੂਕਿਆ ਸਬੰਧੀ ਪ੍ਰਸਪਰ ਵਿਰੋਧ ਸਵਰਨ ਸਿੰਘ ਸਨੇਹੀ ੯
ਸੰਸਾਰ ਸ਼ਾਂਤੀ ਦੀ ਸਥਾਪਨਾ ਲਈ ਇਕ ਹੋਰ ਮੰਚ ਪ੍ਰੀਤਮ ਸਿੰਘ ਕਵੀ ੧੫
ਤਿੰਨ ਕਮਰੇ ਤਿੰਨ ਪਗਾਂ ਕੁਲਦੀਪ ਸਿੰਘ ਹਉਰਾ ੧੮
ਬੇਕਦਰਾਂ ਤੇਰੀ ਕਦਰ ਨਾ ਜਾਣੀ ਤਰਲੋਕ ਮਨਸੂਰ ੧੯

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

ਬਾਲ ਵਰ੍ਹਾ

—ਸੁਖਵੰਤ ਬਟਾਲਵੀ

ਸੋਚ ਰਿਹਾ ਹਾਂ
ਅੰਤਰ ਰਾਸ਼ਟਰੀ ਬਾਲ ਵਰ੍ਹੇ ਤੋਂ
ਇਹ ਬੱਚਾ ਕੀ ਮੰਗ ਰਿਹਾ ਹੈ ?
ਮੋੜ ਦਵੇਗਾ
ਬਾਲ ਵਰ੍ਹਾ, ਕੀ
ਇਸਨੂੰ ਇਸਦਾ
ਪਿਛਲੀ ਜੰਗ ਵਿਚ
ਮੋਇਆ ਬਾਪੂ ?
ਜਾਂ ਫਿਰ
ਭੁੱਖ 'ਚ ਮੋਈ ਇਸ ਦੀ
ਅੰਨੀ ਅੰਮੜੀ,
ਮੋੜ ਦੇਵੇਗਾ
ਇਸ ਦੀਆਂ ਹੱਡੀਆਂ ਉੱਤੇ ਸੀ
ਜੋ ਕੋਮਲ ਚਮੜੀ ?
ਹੋ ਸਕਦਾ ਹੈ
ਮੇਰੇ ਵਰਗਾ
ਪੰਜ ਸੱਤ ਗੰਦੀਆਂ ਗਾਲਾਂ ਕੱਢ ਕੇ
ਪਾ ਦੇਵੇਗਾ
ਇਸਦੇ ਕਾਸੇ ਵਿੱਚ ਇਕ ਦਮੜੀ
ਸੋਚ ਰਿਹਾ ਹਾਂ
ਹੱਡੀਆਂ ਦਾ ਇਹ ਪਿੰਜਰ ਬੱਚਾ
ਜਾਂ ਇਹੋ ਜਿਹੇ ਲੱਖਾ ਬੱਚੇ
ਬਾਲ ਵਰ੍ਹੇ ਦੇ ਆਖਰ ਵਿਚ
ਜਾਂ ਅੱਧ ਵਿਚਾਲੇ
ਹੋ ਜਾਵਣਗੇ ਮੌਤ ਹਵਾਲੇ
ਜਾਂ ਫਿਰ ਜਿਹੜੇ ਬਚ ਜਾਵਣਗੇ
ਪੈ ਜਾਵਣਗੇ ਪੁੱਠੀ ਚਾਲੇ
ਸੋਚ ਰਿਹਾ ਹਾਂ
ਵੱਕਤ ਹੈ ਹਾਲੇ
ਏਸ ਵਰ੍ਹੇ ਵਿਚ
ਤੋੜ ਦਿਆਂ ਮੈਂ
ਗੁਰਬਤ ਦੇ ਮੂੰਹਾਂ ਤੇ ਲੱਗੇ
ਸਾਮਰਾਜ ਦੇ ਜ਼ਦਰੇ-ਤਾਲੇ.........
ਤੇ ਫੰਹ ਦੇਵਾਂ ਮਾਸੂਮਾਂ ਦਿਆ
ਢਿਡਾਂ ਅੰਦਰੋਂ ਭੁੱਖ ਦੇ ਛਾਲੇ
ਸੋਚ ਰਿਹਾ ਹਾਂ
ਸੋਚ ਰਿਹਾ ਹਾਂ
ਇਸ ਬੱਚੇ ਵਲ ਵੇਖ ਕੇ ਹੁਣ ਮੈਂ
ਆਪਣਾ ਚੇਹਰਾ ਨੋਚ ਰਿਹਾ ਹਾਂ.........

ਇਕ ਅਵਸਥਾ

—ਤਰਲੋਕ ਮਨਸੂਰ

ਮੈਂ ਤਾਂ ਬਸ ਪਿਆਰ ਹੀ ਕਰਨਾ ਜਾਣਾਂ।
ਰਾਹ ਜਾਂਦੇ ਹਰ ਰਾਹੀ ਨੂੰ,
ਪਿਆ ਵੇਖ ਵੇਖ ਮੁਸਕਾਵਾਂ।
ਆਦਰ ਨਾਲ ਬੁਲਾਂਵਾਂ,
ਜਣੇਂ ਖਣੇਂ ਨਾਲ ਹਥ ਮਿਲਾਵਾਂ,
ਘੁਟ ਘੁਟ ਜਫੀਆਂ ਪਾਵਾਂ
ਦਿਲ-ਤਖਤ-ਹਜ਼ਾਰਾ ਪੇਸ਼ ਕਰਾਂ,
ਜੋ ਚਾਹੇ ਸੋ ਬੈਠੇ।
ਨਾਲ ਖੁਸ਼ੀ ਦੇ ਖੀਵਾ ਹੋ ਜਾਂ,
ਖਿੜ ਖਿੜ ਜਾਵਾਂ, ਪੈਲਾਂ ਪਾਵਾਂ।
ਵੇਖ ਵੇਖ ਮੁਸ਼ਕਾਵਾਂ।
ਬਨਸਪਤੀ ਮੇਰੀ ਜੀਵਨ ਸਾਥਣ,
ਜੀਅ ਜੰਤ ਸਭ ਯਾਰ ਬਨਾਏ।
ਚਨ, ਰਵੀ, ਹੋਏ ਦਿਲਦੇ ਮਹਿਰਮ,
ਹਮ ਘਰ ਸਾਜਨ ਆਏ।
ਸਾਚੇ ਮੇਲ ਮਿਲਾਏ।
ਦਿਲਦੀ ਸੂਹੀ ਨਾਭੀ ਵਿਚੋਂ,
ਮੈਂ ਖੁਸ਼ਬੋਈਆਂ ਵੰਡਾਂ।
ਤੁਰਿਆ ਤੁਰਿਆ ਜਾਂਦਾ ਵੀ ਮੈਂ,
ਸੁਭ ਇਛਾਂ ਦੀਆਂ ਬੁਕਾਂ ਭਰ ਭਰ
ਹਰ ਬੰਦੇ ਦੇ ਸਿਰ ਤੋਂ ਵਾਰਾਂ,
ਘੋਲ ਘੁਮਾਈ ਹੋਂਦਾ ਜਾਵਾਂ।
ਪਿਆ ਵੇਖ ਵੇਖ ਮੁਸਕਾਵਾਂ।
ਆਦਰ ਨਾਲ ਬੁਲਾਵਾਂ।

Sri Satguru Jagjit Singh Ji Elibrary NamdhariElibrary@gmail.com

ਮੇਰੇ ਗੀਤਾਂ ਨੂੰ ਦੇ ਦੇਵੋ

—ਸੁਰਿੰਦਰ ਸਾਗਰ

ਕਿਸੇ ਨੂੰ ਪੀੜ ਜਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ।
ਕਿਸੇ ਦਿਲ ਵਿਚ ਬਿਆਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿ ਮੈਨੂੰ ਮੇਰਿਆਂ ਗੀਤਾਂ ਦੀ ਸਹੁੰ, ਹੋਠਾਂ ਤੇ ਬੋਚਾਂਗਾ,
ਝੜੀ ਨੈਣਾਂ ਨੇ ਲਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿਸੇ ਦੀ ਪੁੰਨਿਆਂ ਤੇ ਹੋ ਗਈ ਜੇ ਮੱਸਿਆ ਭਾਰੂ,
ਜੋ ਨ੍ਹੇਰੇ ਅੱਤ ਚਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿਸੇ ਦੇ ਲਾਡਲੇ ਸੁਪਨੇ ਦੀ ਸ਼ਾਦੀ ਤੇ ਜੇ ਕਿਸਮਤ ਨੇ,
ਹੇਕ ਵੈਣਾਂ ਦੀ ਲਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿਸੇ ਦੀ ਆਸ ਦੇ ਪੱਲੇ ਅਗਰ ਧੁਖਦੇ ਸ਼ਰਾਰੇ ਨੇ,
ਮੈਂ ਅਜ ਝੋਲੀ ਫੈਲਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿਸੇ ਦੇ ਇਸ਼ਕ ਦੇ ਸੁੱਚੇ ਤੇ ਨਿਰਮਲ ਪਾਣੀਆਂ ਉੱਤੇ,
ਜੋ ਮੰਦਭਾਗੀ ਦੀ ਕਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥
ਕਿਸੇ ਦੀ ਧੁੱਪ ਚੋਰੀ ਹੋ ਗਈ ਜੇ ਦਿਨ ਖੜ੍ਹੇ "ਸਾਗਰ",
ਤਾਂ ਸਾਝਾ ਗ਼ਮ, ਦੁਹਾਈ ਹੈ, ਮੇਰੇ ਗੀਤਾਂ ਨੂੰ ਦੇ ਦੇਵੋ॥

ਕਾਲਾਂਵਾਲੀ-125201
ਸਿਰਸਾ—ਹਰਿਆਣਾ

ਬਾਲ-ਵਰਸ ਦੇ ਸੰਦਰਭ ਵਿਚ

(ਚਾਰ ਅਨੁਭੂਤੀਆਂ) —ਡਾ. ਓ. ਪੀ. ਗੁਪਤਾ

ਵਿਕਾਸ :
ਬੱਚੇ ਸੱਚੇ ਹਨ,
ਸੱਚੇ ਹੁੰਦੇ ਹਨ
ਹੁਣ ਉਹਨਾਂ ਨੂੰ
ਵਿਕਾਸ ਕਰਨ ਦਿਓ
ਝੂਠ ਦੇ ਰਾਹ
ਤੁਰਨ ਦਿਓ।

ਮੁਸਕਰਾਹਟ :
ਮੁਸਕਰਾਹਟ
ਜੰਮੀ ਸੀ
ਬਚਿਆਂ ਦੇ ਨਾਲ
ਹੋਏ ਜਦ
ਵੱਡੇ ਉਹ
ਮਰ ਗਈ।

ਮਨੁੱਖੀ ਸਭਿਅਤਾ :
ਮੇਰਾ ਮਿਸ਼ਨ ਇਕੋ ਹੈ
ਇਹ ਛਲਗੰਣ ਬਚਿਆਂ ਦਾ
ਨਿਰਮਲ ਹਾਸਾ
ਗੁਮਣਾ ਤੇ ਫਿਰ
ਗਾਇਬ ਕਰਨਾ

ਜ਼ਿੰਦਗੀ :
ਜ਼ਿੰਦਗੀ ਮੁਸਕਰਾਂਦੀ ਹੈ
ਅਮਰ ਅਖਵਾਂਦੀ ਹੈ
ਇਹਨਾਂ ਬਚਿਆਂ ਦੇ ਰਾਹੀਂ।

ਮਲੇਸ਼ੀਆ ਦੀ ਲੋਕ-ਕਥਾ

ਅਰਦਾਸ

ਪੇਸ਼ਕਾਰ : ਫ਼ਕੀਰ ਚੰਦ ਤੁਲੀ

—ਰਮਜ਼ਾਨ ਸ਼ਰੀਫ਼ (ਸਤੰਬਰ-ਅਕਤੂਬਰ) ਦੇ ਮਹੀਨੇ ਇਕ ਐਸੀ ਰਾਤ ਆਉਂਦੀ ਹੈ ਜਦੋਂ ਖ਼ੁਦਾ ਆਪਣੇ ਆਦਮੀਆਂ ਤੇ ਮਿਹਰਬਾਨ ਹੋ ਜਾਂਦਾ ਹੈ। ਬਹਿਸ਼ਤ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ। ਪਛਤਾਵਾ ਕਰਨ ਵਾਲੇ ਦੇ ਪਾਪ ਮਾਫ ਹੋ ਜਾਂਦੇ ਹਨ ਤੇ ਜੋ ਵੀ ਅਰਦਾਸ ਕੀਤੀ ਜਾਂਦੀ ਹੈ ਸਵੀਕਾਰ ਹੋ ਜਾਂਦੀ ਹੈ।

—ਰਮਜ਼ਾਨ ਦੀ ਐਸੇ ਹੀ ਇਕ ਰਾਤ ਇਕ ਸੌਦਾਗਰ ਆਪਣੇ ਗਧੇ, ਕੁਤੇ ਤੇ ਬਾਂਦਰ ਨੂੰ ਕਿਤੇ ਲੈ ਕੇ ਜਾ ਰਿਹਾ ਸੀ ਕਿ ਚੱਲਦਿਆਂ ਚੱਲਦਿਆਂ ਰਾਤ ਪੈ ਗਈ। ਉਸਨੇ ਇਕ ਜਗ੍ਹਾ ਤੇ ਪੜਾਅ ਕੀਤਾ ਤੇ ਸੌਣ ਲਈ ਲੇਟ ਗਿਆ।

—ਅੱਧੀ ਰਾਤ ਗਈ ਤੇ ਗਧੇ ਨੇ ਦੇਖਿਆ ਕਿ ਅਸਮਾਨ ਤੇ ਇਕ ਖਾਸ ਤਰ੍ਹਾਂ ਦਾ ਨੂਰ ਛਾਇਆ ਹੋਇਆ ਹੈ। ਉਹ ਸਮਝ ਗਿਆ ਕਿ ਇਹ ਓਹੋ ਹੀ ਰਾਤ ਹੈ ਜਦ ਅਰਦਾਸਾਂ ਸਵੀਕਾਰ ਹੋ ਜਾਂਦੀਆਂ ਹਨ। ਉਸਨੇ ਆਪਣੇ ਸਾਥੀਆਂ ਨੂੰ ਜਗਾਇਆ ਅਤੇ ਸਾਰੇ ਇਕੱਠੇ ਹੋ ਕੇ ਅਰਦਾਸ ਕਰਨ ਲਗੇ ਅਤੇ ਜਦੋਂ ਪ੍ਰਾਰਥਨਾ ਕਰ ਚੁਕੇ ਤਾਂ ਉਹਨਾਂ ਨੇ ਆਪਣੇ ਮਾਲਕ ਨੂੰ ਜਗਾਇਆ।

—ਮਾਲਕ ਨੇ ਉਨ੍ਹਾਂ ਤੋਂ ਪੁਛਿਆ—ਕਿਤੇ ਆਪਣੀਆਂ ਅਰਦਾਸਾਂ ਮਿਲ ਨ ਜਾਣ ਇਸ ਕਰਕੇ ਤੁਸੀਂ ਸਭੋ ਮੈਨੂੰ ਦੱਸ ਦਿਓ ਕਿ ਤੁਸੀ ਕੀ ਕੀ ਅਰਦਾਸਾਂ ਕੀਤੀਆਂ ਹਨ?

—ਗਧਾ ਕਹਿਣ ਲੱਗਾ—ਮੈਂ ਖ਼ੁਦਾ ਨੂੰ ਅਰਦਾਸ ਕੀਤੀ ਹੈ ਕਿ ਮੈਂ ਬਾਦਸ਼ਾਹ ਬਣ ਜਾਵਾਂ। ਬਾਂਦਰ ਬੋਲਿ —ਮੈਂ 'ਸ਼ੇਖ-ਉਸਲਾਮ'। (ਇਸਲਾਮ ਦਾ ਸਭ ਤੋਂ ਵੱਡਾ ਧਾਰਮਕ ਨੇਤਾ) ਬਨਣ ਦੀ ਅਰਦਾਸ ਕੀਤੀ ਹੈ। ਤੇ ਕੁਤੇ ਨੇ ਹਿੱਕ ਤਾਣ ਕੇ ਆਖਿਆ—ਮੈਂ ਤਾਂ ਪ੍ਰਧਾਨ ਮੰਤਰੀ ਹੋਣਾ ਚਾਹੁੰਦਾ ਹਾਂ।

—ਤਿੰਨਾਂ ਦੀਆਂ ਅਰਦਾਸਾਂ ਸੁਣਕੇ ਮਾਲਕ ਨੇ ਅਸਮਾਨ ਵੱਲ ਅੱਖਾਂ ਉਠਾ ਕੇ ਦੇਖਿਆ, ਅਤੇ ਅਰਦਾਸ ਕਰਦਾ ਗਿੜ ਗਿੜਾਇਆ—

—ਐ ਖ਼ੁਦਾ! ਮੈਨੂੰ ਅੰਨ੍ਹਾਂ ਬਣਾ ਦੇ ਤਾਂ ਕਿ ਮੈਂ ਇਹੋ ਜਿਹੀ ਸਰਕਾਰ ਵੇਖ ਨ ਸਕਾਂ।

Sri Satguru Jagjit Singh Ji Elibrary NamdhariElibrary@gmail.com

ਕਹਾਣੀ

ਸੀਟ ਨੰਬਰ ਤੇਰਾਂ

—ਹਰਭਜਨ ਸਿੰਘ ਖੇਮਕਰਨੀ

ਟੂਰ ਤੋਂ ਵਾਪਸ ਆਇਆਂ ਮੈਨੂੰ ਅਜੇ ਸਮਾਂ ਹਫਤਾ ਕੁ ਹੀ ਹੋਇਆ ਸੀ ਕਿ ਹੈਡ-ਆਫਿਸ ਤੋਂ ਤਾਰ ਰਾਹੀਂ ਸਿਰੀ ਨਗਰ ਇਕ ਖਾਸ ਕੰਮ ਤੇ ਜਾਣ ਦਾ ਆਦੇਸ਼ ਮਿਲ ਗਿਆ। ਬੜਾ ਤੜਪਿਆ ਸਟਪਟਾਇਆ ਪਰ ਸਭ ਵਿਅਰਥ ਟੂਰਿੰਗ ਲਾਈਫ ਤੋਂ ਤੰਗ ਆ ਗਿਆ ਹਾਂ। ਕਈ ਵੇਰ ਸੋਚਿਆ ਕਿ ਨੌਕਰੀ ਛੱਡ ਦਿਆਂ ਪਰ ਦਿਨੋਂ ਦਿਨ ਵਧ ਰਹੀ ਮਹਿੰਗਾਈ ਤੇ ਬੇ-ਰੁਜ਼ਗਾਰੀ ਇਸ ਗੱਲ ਨੂੰ ਅਮਲੀ ਰੂਪ ਦੇਣ ਵਿਚ ਵਡਾ ਰੋੜਾ ਨੇ। ਇਸ ਲਈ ਮਜਬੂਰੀ ਅਗੇ ਆਪਣੇ ਹਥਿਆਰ ਸੁਟਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਕੰਪਨੀ ਵਾਲੇ ਪਤਾ ਨਹੀਂ ਮੈਨੂੰ ਇਥੇ ਟਿਕਣ ਕਿਉਂ ਨਹੀਂ ਦਿੰਦੇ। ਇਹ ਮੇਰਾ ਇਸੇ ਮਹੀਨੇ ਵਿਚ ਤੀਸਰਾ ਟੂਰ ਏ ਜਦੋਂ ਕਿ ਮੇਰੇ ਸਾਥੀ ਤੀਸਰੇ ਮਹੀਨੇ ਇਕ ਟੂਰ ਲਾਉਂਦੇ ਨੇ।

ਟਿਕਟ ਖਰੀਦਨ ਤੋਂ ਪਿਛੋਂ ਮੈਂ ਵੈਸੇ ਹੀ ਕੰਡਕਟਰ ਨਾਲ ਗੱਲਾਂ ਕਰ ਰਿਹਾ ਸਾਂ ਕਿ ਇਕ ਖੂਬਸੂਰਤ ਕੁੜੀ ਹੱਥ ਵਿਚ ਟਿਕਟ ਫੜੀ ਸਾਡੇ ਕੋਲ ਆ ਖਲੋਤੀ। ਕਾਸ਼ਨੀ ਸੂਟ ਵਿਚ ਉਸਦਾ ਭਰਵਾਂ ਸਰੀਰ ਕੈਦ ਹੋਇਆ ਜਾਪਦਾ ਸੀ। ਅੱਖਾਂ ਵਿਚ ਮਸਤੀ ਤੇ ਟੱਲੀ ਵਰਗੇ ਬੋਲਾਂ ਵਾਲੀ ਦਰਮਿਆਨੇ ਜਿਹੇ ਕੱਦ ਦੀ ਉਹ ਕੰਡਕਟਰ ਨਾਲ ਗੱਲਾਂ ਕਰ ਰਹੀ ਸੀ, ਤੇ ਮੈਂ ਉਸ ਦੇ ਮੱਥੇ ਤੇ ਖੇਡ ਰਹੀ ਲਿਟ ਵਿਚ ਉਲਝਦਾ ਜਾ ਰਿਹਾ ਸਾਂ।

"ਵੀਰ ਜੀ ਔਹ ਮੇਰੀ ਟਿਕਟ, ਕਿਸੇ ਨਾਲ ਬਦਲ ਦਿਓ ਤਾਂ ਬੜੀ ਮਿਹਰਬਾਨੀ ਹੋਵੇਗੀ।"

"ਕਿਉਂ ਕੋਈ ਖਾਸ ਗੱਲ ਏ।"

"ਇਹ ਤੇਰਾਂ ਨੰਬਰ ਦੀ ਸੀਟ ਏ। ਮੈਂ ਇਸ ਤੇ ਸਫਰ ਨਹੀਂ ਕਰਨਾ ਚਾਹੁੰਦੀ।"

"ਇਹਨਾਂ ਨੂੰ ਮੇਰੀ ਇਹ ਚੌਦਾਂ ਨੰਬਰ ਵਾਲੀ ਟਿਕਟ ਦੇ ਦਿਓ" ਹੱਥ ਵਿਚ ਫੜੀ ਟਿਕਟ ਮੈਂ ਉਸ ਵਲ ਵਧਾਉਂ-ਦਿਆਂ ਕਿਹਾ। ਪਰ ਕੰਡਕਟਰ ਦੀ ਥਾਂ ਉਸ ਕੁੜੀ ਨੇ ਹੀ ਮੇਰੇ ਹਥੋਂ ਟਿਕਟ ਫੜ ਲਹੀਂ ਕਿ ਕਿਤੇ ਮੈਂ ਮੁਕਰ ਹੀ ਨਾ ਜਾਂਵਾ। ਟਿਕਟ ਫੜਣ ਲਗਿਆਂ ਉਸ ਦੀਆਂ ਉਂਗਲਾਂ ਦੀ ਛੋਹ ਨਾਲ ਮੇਰਾ ਸਰੀਰ ਝੂੰਨ-ਝੂੰਨਾਂ ਗਿਆ। ਮੁੜੀ ਜਾਂਦੀ ਕੁੜੀ ਦਾ ਪਿੱਛਾ ਕਰਦੀਆਂ ਮੇਰੀਆਂ ਅੱਖਾਂ ਬੱਸ ਦੇ ਨੰਬਰ ੧੩੧੩ ਤੇ ਆ ਟਿੱਕੀਆਂ।

"ਸ਼ਾਇਦ ਤੇਰਾਂ ਨੰਬਰ ਨੂੰ ਅੱਨ-ਲੱਕੀ ਸਮਝਕੇ ਟਿਕਟ ਬਦਲ ਕੇ ਲਈ ਏ।" ਕੰਡਕਟਰ ਦੇ ਬੋਲਾਂ ਵਿਚ ਵਿਅੰਗ ਸੀ।

"ਪਰ ਬਸ ਦਾ ਨੰਬਰ ਵੀ ਤਾਂ ੧੩੧੩ ਹੀ ਏ।"

"ਵਹਿਮ ਦਾ ਕੋਈ ਇਲਾਜ ਨਹੀਂ ਸਰਦਾਰ ਜੀ।"

ਪਤਾ ਨਹੀਂ ਕਿਉਂ ਸਾਰੀ ਦੁਨੀਆਂ ਵਿਚ ਹੀ ਇਸ ਨੰਬਰ ਨੂੰ ਨਹਿਸ਼ ਸਮਝਿਆ ਜਾਂਦਾ ਏ। ਇਸ ਉਪਰ ਥੀਸਿਸ ਲਿਖਕੇ ਕਿਸੇ ਵਿਦਵਾਨ ਨੂੰ ਡਾਕਟਰੇਟ ਦੀ ਡਿਗਰੀ ਲੈਣੀ ਚਾਹੀਦੀ ਹੈ। ਕ੍ਰਿਕਟ ਦੇ ਕਈ ਉਘੇ ਖਿਲਾੜੀ ਇਸ ਹਿੰਦਸੇ ਤੋਂ ਡਰਕੇ ਖੇਡਦੇ ਨੇ। ਮਸ਼ਹੂਰ ਲਿਖਾਰੀ ਵਿਕਟਰ ਹਿਊਗੋ ਨੰਬਰ ਤੇਰਾਂ ਨੂੰ ਐਨਾਂ ਬਦਨਸੀਬ ਸਮਝਦਾ ਸੀ ਕਿ ਕਦੇ ਵੀ ਤੇਰਵੀਂ ਕੁਰਸੀ ਤੇ ਨਹੀਂ ਸੀ ਬੈਠਦਾ। ਚੰਡੀਗੜ੍ਹ ਵਿਚ ਤੇਰਾਂ ਨੰਬਰ ਦਾ ਸੈਕਟਰ ਨਹੀਂ ਬਣਿਆ। ਪਰ ਇਸ ਨੰਬਰ ਨੇ ਮੇਰਾ ਹਮੇਸ਼ਾਂ ਸਾਥ ਦਿਤਾ ਹੈ। ਤੇਰਾਂ ਤਰੀਕ ਨੂੰ ਮੇਰਾ ਜਨਮ ਦਿਨ ਹੈ ਤੇ ਤੇਰਾਂ ਤਰੀਕ ਨੂੰ ਹੀ ਮੈਨੂੰ ਨੌਕਰੀ ਮਿਲੀ ਸੀ। ਤੇਰਾਂ ਨੰਬਰ ਤੇ ਮੈਂ ਕਈ ਇਨਾਮ ਜਿਤ ਚੁਕਾ ਹਾਂ। ਅੱਜ ਫਿਰ ਤੇਰਾਂ ਨੰਬਰ ਵਰਦਾਨ ਬਣ ਰਿਹਾ ਜਾਪਦਾ ਹੈ। ਇੰਨਾ ਸੁਹਣਾ ਸਾਥ ਹੋਵੇ ਤਾਂ ਸਫਰ ਆਪਣੇ ਆਪ ਕਟ ਜਾਂਦਾ ਹੈ।

ਕੰਡਕਟਰ ਨੇ ਸੀਟੀ ਮਾਰੀ ਤਾਂ ਇਧਰ ਉਧਰ ਘੁਮ-ਦੀਆਂ ਸੁਆਰੀਆ ਬੱਸ ਵਿਚ ਚੜ੍ਹਣ ਲਗ ਪਈਆਂ। ਮੈਂ ਵੀ ਬੱਸ ਵਿਚ ਚੜ੍ਹ ਗਿਆ। ਤੇਰਾਂ ਨੰਬਰ ਦੀ ਸੀਟ ਖਾਲੀ ਸੀ। ਚੌਦਾਂ ਨੰਬਰ ਤੇ ਉਹੀ ਕੁੜੀ ਬੈਠੀ ਸੀ ਤੇ ਬਾਰਾਂ ਨੰਬਰ ਤੇ ਇਕ ਹੋਰ ਕਾਲਜੀਏਟ ਜਾਪਦੀ ਕੁੜੀ। ਦੋ ਕੁ ਮਿੰਟ ਮੈਂ ਲਾਗੇ ਜਾ ਕੇ ਖੜ੍ਹਾ ਰਿਹਾ ਕਿ ਸ਼ਾਇਦ ਉਹ ਮੈਨੂੰ ਇਕ ਪਾਸੇ ਬੈਠਣ ਲਈ ਕਹਿਣ ਪਰ ਇਕ ਵਾਰ ਮੇਰੇ ਵਲ ਵੇਖ ਕੇ ਉਹ ਆਪੋ ਆਪਣੀਆਂ ਸੀਟਾਂ ਤੇ ਬੈਠੀਆਂ ਰਹੀਆਂ ਮਾਨੋਂ ਕਹਿ ਰਹੀਆਂ ਹੋਣ ਕਿ ਵਿਚਕਾਰ ਬੈਠਣ ਨਾਲ ਉਹਨਾਂ ਦੋਹਾ ਨੂੰ

Sri Satguru Jagjit Singh Ji Elibrary NamdhariElibrary@gmail.com

ਕੋਈ ਫਰਕ ਨਹੀਂ ਪੈਣਾ। ਮੈਂ ਚੁਪ-ਚਾਰ ਆਪਣੀ ਸੀਟ ਤੇ ਬੈਠ ਗਿਆ।

ਬੱਸ ਪਰੀ ਰਫਤਾਰ ਨਾਲ ਤੁਰੀ ਜਾ ਰਹੀ ਸੀ ਤੇ ਮੈਂ ਵੇਖ ਰਿਹਾਂ ਸਾਂ ਕਿ ਬੱਸ ਵਿਚ ਬੈਠੀਆਂ ਸੁਆਰੀਆਂ ਵਿਚੋਂ ਕਈ ਮੇਰੇ ਵਲ ਈਰਖਾ ਭਰੀਆਂ ਅੱਖਾਂ ਨਾਲ ਵੇਖ ਰਹੀਆਂ ਸਨ। ਮੈਂ ਲਾਪਰਵਾਹੀ ਨਾਲ ਆਪਣੇ ਮੈਗਜ਼ੀਨ ਦੇ ਵਰਕੇ ਪਰਤ ਰਿਹਾ ਸਾਂ। ਜੁਆਨੀ ਦੀ ਭਿੰਨੀ ਭਿੰਨੀ ਖੁਸ਼ਬ ਤੇ ਸਪਰਸ਼ ਮੇਰੇ ਲਹੂ ਵਿਚ ਤਪਸ਼ ਪੈਦਾ ਕਰੀ ਜਾ ਰਿਹਾ ਸੀ ਤੇ ਉਹਨਾਂ ਨੂੰ ਪਹਾੜ ਦੀ ਸੀਤਲ ਹਵਾ ਦੇ ਥਪੇੜਿਆਂ ਨਾਲ ਲੋਰੀ ਸੁਣਾ ਕੇ ਨੀਂਦ ਰਾਣੀ ਆਪਣੀ ਬੁਕਲ ਵਿਚ ਲੈ ਰਹੀ ਸੀ। ਮੈਂ ਵੇਖ ਰਿਹਾ ਸਾਂ ਕਿ ਕੋਸ਼ਿਸ਼ ਕਰਨ ਤੇ ਵੀ ਨੀਂਦ ਚੋਦਾਂ ਨੰਬਰ ਵਾਲੀ ਸੀਟ ਤੇ ਬੈਠੀ ਕੁੜੀ ਤੇ ਭਾਰੂ ਹੁੰਦੀ ਜਾ ਰਹੀ ਸੀ ਤੇ ਅਖੀਰ ਬੇ-ਵੱਸ ਹੋ ਕੇ ਉਹ ਮੇਰੇ ਮੋਢੇ ਨਾਲ ਲਗ ਕੇ ਸੌਂ ਗਈ।

ਜੰਮੂ ਆ ਕੇ ਬੱਸ ਰੁਕੀ ਤਾਂ ਕਾਫੀ ਸੁਆਰੀਆਂ ਚਾਹ ਪਾਣੀ ਪੀਣ ਵਾਸਤੇ ਉਤਰ ਗਈਆਂ। ਮੈਂ ਵੀ ਇਕ ਸਟਾਲ ਤੇ ਜਾ ਕੇ ਚਾਹ ਪੀਤੀ ਤੇ ਸ਼ਾਇਦ ਉਹਨਾਂ ਨੇ ਵੀ ਕਿਤੇ ਚਾਹ ਪੀਤੀ ਹੋਵੇਗੀ। ਗੱਲਾਂ ਤੋਂ ਜਾਪਦਾ ਸੀ ਕਿ ਉਹ ਇਕੱਲੀਆਂ ਇਕੱਲੀਆਂ ਸਫਰ ਕਰ ਰਹੀਆਂ ਹਨ ਤੇ ਉਹਨਾਂ ਦੀ ਸਾਂਝ ਸਫਰ ਵਿਚ ਹੀ ਪਈ ਹੈ। ਸਫਰੀ ਸਾਂਝ ਭਾਵੇਂ ਸਫਰ ਨਾਲ ਮੁੱਕ ਜਾਂਦੀ ਹੈ ਪਰ ਕਈ ਵੇਰ ਮਿੱਠੀ ਜਿਹੀ ਯਾਦ ਨਾਸੂਰ ਵੀ ਬਣ ਜਾਂਦੀ ਹੈ। ਇਸੇ ਕਰ ਕੇ ਮੈਂ ਸਫਰ ਦੀ ਸਾਂਝ ਪਾਉਣ ਤੋਂ ਕੰਨੀ ਕਤਰਾਉਂਦਾ ਹਾਂ।

ਵਾਪਸ ਆਉਣ ਤੇ ਮੈਂ ਵੇਖਿਆ ਕਿ ਉਹ ਕੁੜੀ ਮੇਰੇ ਮੈਗਜ਼ੀਨ ਦੇ ਵਰਕੇ ਉਲਟ ਰਹੀ ਹੈ। ਮੈਨੂੰ ਵੇਖ ਕੇ ਉਸਨੇ ਮੈਗਜ਼ੀਨ ਫਿਰ ਸੀਟ ਤੇ ਰਖ ਦਿਤਾ। ਟੱਲੀ ਵਾਂਗੂ ਬੋਲ ਸੁਨਣ ਲਈ ਉਤਾਵਲਾ ਜਿਹਿਆ ਹੋਇਆ ਮੈਂ ਇਹ ਮੌਕਾ ਹੱਥੋਂ ਗੁਆਉਣਾ ਨਹੀਂ ਚਾਹੁੰਦਾ ਸਾਂ।

"ਤੁਸੀਂ ਇਹ ਪੜ੍ਹ ਲਓ, ਮੇਰੇ ਕੋਲ ਨਾਵਲ ਹੈ ਮੈਂ ਉਹ ਪੜ੍ਹ ਲਵਾਂਗਾ।" ਸੀਟ ਤੇ ਬੈਠਦਿਆਂ ਮੈਗਜ਼ੀਨ ਉਸ ਵਲ ਵਧਾਉਂਦਿਆਂ ਮੈਂ ਕਿਹਾ।

ਬਗੈਰ ਬੋਲਿਆਂ ਹੀ ਉਸਨੇ ਮੇਰੇ ਚਿਹਰੇ ਵਲ ਇਕ ਵਾਰ ਵੇਖਿਆ ਤੇ ਮੇਰੇ ਹੱਥੋਂ ਮੈਗਜ਼ੀਨ ਫੜ ਲਿਆ। ਮੈਂ ਨਾਵਲ ਪੜ੍ਹਣ ਵਿਚ ਲੀਨ ਹੋ ਗਿਆ।

ਬੱਸ ਹੌਲੀ ਹੌਲੀ ਆਪਣੀ ਮੰਜ਼ਲ ਵਲ ਵਧ ਰਹੀ ਸੀ। ਪ੍ਰਛਾਵਿਆਂ ਨੇ ਢਲਣਾ ਸ਼ੁਰੂ ਕਰ ਦਿਤਾ ਸੀ। ਪਹਾੜਾਂ ਦੀਆਂ ਢਲਾਣਾਂ ਤੇ ਪੈਂਦੀ ਤਿਰਛੀ ਪੀਲੀ ਧੁਪ ਬੜੀ ਮਨਮੋਹਨੀ ਲਗ ਰਹੀ ਸੀ। ਠੰਡੀ ਹਵਾ ਦੇ ਬੁਲੇ ਕਦੇ ਕਦੇ ਸਰੀਰ ਵਿਚ ਮਿਠੀ ਜਿਹੀ ਤਰੰਗ ਪੈਦਾ ਕਰ ਜਾਂਦੇ। ਖੇਤਾਂ ਵਿਚ ਕੰਮ ਕਰਕੇ ਮੁੜ ਰਹੀਆਂ ਪਹਾੜਨਾਂ ਦੇ ਥਕੇਵੇਂ ਭਰੇ ਰੂਪ ਨੂੰ ਵੇਖ ਕੇ ਮੇਰੀ ਨਜ਼ਰ ਨਾਲ ਬੈਠੀ ਕਾਸ਼ਨੀ ਸੂਟ ਵਾਲੀ ਤੇ ਆ ਟਿਕਦੀ। ਉਹ ਕਿੰਨਾ ਖੁਸ਼ ਨਸੀਬ ਹੋਵੇਗਾ ਜਿਸ ਦੀ ਜ਼ਿਦਗੀ ਵਿਚ ਇਹ ਬਹਾਰ ਬਣਕੇ ਆਵੇਗੀ।

ਮੈਂ ਨਜ਼ਾਰੇ ਮਾਨਣ ਵਿਚ ਮਸਤ ਸਾਂ ਕਿ ਬੱਸ ਦੀ ਘਰਰ ਘਰਰ ਦੀ ਆਵਾਜ਼ ਨੇ ਡਰਾਈਵਰ ਨੂੰ ਬਰੇਕ ਲਾਣ ਲਈ ਮਜਬੂਰ ਕਰ ਦਿਤਾ। ਬੱਸ ਖਲੋ ਗਈ ਤਾਂ ਡਰਾਈਵਰ ਹੇਠਾਂ ਉਤਰ ਕੇ ਇੰਜਨ ਖੋਲ੍ਹ ਕੇ ਉਸ ਉਤੇ ਝੁਕ ਗਿਆ। ਕੁਝ ਸੁਆਰੀਆਂ ਵੀ ਹੇਠਾਂ ਉਤਰ ਆਈਆਂ। ਮੈਂ ਵੀ ਬੱਸ ਵਿਚੋਂ ਉਤਰ ਆਇਆ। ਡਰਾਈਵਰ ਇੰਜਨ ਤੇ ਝੁਕਿਆ ਉਸ ਵਿਚੋਂ ਨੁਕਸ ਲੱਭਣ ਦਾ ਯਤਨ ਕਰ ਰਿਹਾ ਸੀ ਤੇ ਸੁਆਰੀਆਂ ਦੇ ਚਿਹਰਿਆਂ ਤੇ ਕੁਝ ਪ੍ਰਸ਼ਨ ਚਿਨ੍ਹ ਉਭਰ ਆਏ ਸਨ। ਅੱਧੇ ਕੁ ਘੰਟੇ ਦੀ ਸਿਰ ਖਪਾਈ ਪਿਛੋਂ ਡਰਾਈਵਰ ਨੇ ਆਸ ਛੱਡ ਦਿਤੀ। ਉਤੇ ਰਾਤ ਪੈਣ ਤੇ ਆ ਗਈ ਸੀ। ਹੋਰ ਕਿਸੇ ਬੱਸ ਦਾ ਇੰਤਜ਼ਾਮ ਹੋਣਾ ਮੁਸ਼ਕਲ ਸੀ ਤੇ ਪਿਛੋਂ ਕਿਸੇ ਬੱਸ ਦੇ ਆਉਣ ਦੀ ਸੰਭਾਵਨਾ ਹੀ ਨਹੀਂ ਸੀ ਕਿਉਂਕਿ ਇਹ ਤਾਂ ਅਗੇ ਹੀ ਆਖਰੀ ਟਾਈਮ ਸੀ।

"ਡਰਾਈਵਰ ਨੂੰ ਚਾਹੀਦਾ ਸੀ ਕਿ ਬੱਸ ਚੈਕ ਕਰਕੇ ਤੁਰਦਾ।"

"ਮਸ਼ੀਨਰੀ ਦਾ ਕੀ ਭਰੋਸਾ ਏ।"

"ਟਰਾਂਸਪੋਰਟ ਦਾ ਤਾਂ ਭੱਠਾ ਹੀ ਬਹਿੰਦਾ ਜਾ ਰਿਹਾ ਏ।"

"ਰਾਤ ਕਿਵੇਂ ਕੱਟੀ ਜਾਵੇਗੀ, ਨੇੜੇ ਤੇੜੇ ਤਾਂ ਕੋਈ ਜਗਾਹ ਨਹੀਂ ਲਗਦੀ।"

Sri Satguru Jagjit Singh Ji Elibrary NamdhariElibrary@gmail.com

ਇਹੋ ਜਿਹੀਆਂ ਰਲਵੀਆਂ ਮਿਲਵੀਆਂ ਗੱਲਾਂ ਦੀਆ ਅਵਾਜ਼ਾਂ ਹਵਾ ਵਿਚ ਤੈਰ ਰਹੀਆਂ ਸਨ। ਕੋਈ ਦੋ ਕੁ ਮੀਲ ਤੇ ਬਟੌਤ ਸੀ। ਮੈਂ ਉਥੇ ਰਹਿੰਦੇ ਆਪਣੇ ਦੋਸਤ ਕੋਲ ਰਾਤ ਕੱਟਣ ਲਈ ਆਪਣਾ ਅਟੈਚੀ ਕੇਸ ਬੱਸ ਤੋਂ ਲਾਹੁਣ ਲਗਾ। ਕੁਝ ਹੋਰ ਸੁਆਰੀਆਂ ਵੀ ਉਥੇ ਜਾਣ ਲਈ ਤਿਆਰ ਹੋ ਰਹੀਆਂ ਸਨ। "ਮੇਰਾ ਇਕ ਦੋਸਤ -ਬਟੌਤ ਰਹਿੰਦਾ ਏ, ਮੈਂ ਰਾਤ ਉਹਨਾ ਕੋਲ ਜਾਵਾਂਗਾ। ਜੇਕਰ ਤੁਸਾਂ ਵੀ ਚਲਣਾ ਹੋਵੇ ਤਾਂ ਆ ਜਾਓ" ਸ਼ਸੋਪੰਜ ਵਿਚ ਪਈਆਂ ਉਹਨਾਂ ਦੋਵਾਂ ਕੁੜੀਆਂ ਨੂੰ ਮੈਂ ਸਰਸਰੀ ਜਿਹਾ ਪੁਛਿਆ ਤਾਂ ਉਹ ਮੇਰੇ ਨਾਲ ਜਾਣ ਲਈ ਤਿਆਰ ਹੋ ਗਈਆਂ।

ਇਨ੍ਹਾਂ ਨੂੰ ਆਪਣੇ ਆਪ ਤੇ ਕਿੰਨਾ ਭਰੋਸਾ ਹੈ ਕਿ ਪਹਾੜੀ ਇਲਾਕੇ ਵਿਚ ਇਤਨਾ ਲੰਬਾ ਸਫਰ ਇਕਲੀਆਂ ਹੀ ਕਰ ਰਹੀਆਂ ਹਨ। ਮੇਰੇ ਨਾਲ ਤੁਰਨ ਤੇ ਵੀ ਜ਼ਰਾ ਨਹੀਂ ਝਿਜਕੀਆਂ। ਬਦਲਦੇ ਯੁਗ ਵਿਚ ਨਾਰੀਆਂ ਵਿਚ ਕਿੰਨੀ ਤਬਦੀਲੀ ਆ ਗਈ ਹੈ ਕਿ ਕੰਧਾਂ ਦੀ ਕੈਦ ਵਿਚੋਂ ਨਿਕਲਕੇ ਉਹ ਮਨੁਖ ਦੇ ਬਰਾਬਰ ਆ ਖਲੋਤੀ ਹੈ। ਸੋਚਦਾ ਹੋਇਆ ਸਾਰੇ ਰਾਹ ਮੈਂ ਸਿਰਫ ਉਹਨਾ ਦੇ ਨਾਂ ਹੀ ਪੁਛ ਸਕਿਆ।

ਅਗਲੇ ਦਿਨ ਬੱਸ-ਸਟੈਂਡ ਤੇ ਪੁਜੇ ਤਾਂ ਦੂਸਰੀ ਬੱਸ ਸਾਡਾ ਇੰਤਜ਼ਾਰ ਕਰ ਰਹੀ ਸੀ। ਸੁਆਰੀਆਂ ਨੂੰ ਜਿੱਥੇ ਥਾਂ ਮਿਲੀ ਬੈਠ ਗਈਆਂ ਪਰ ਸਾਨੂੰ ਫਿਰ ਇਕੱਠਿਆਂ ਹੀ ਸੀਟ ਮਿਲੀ। ਮੈਂ ਵੇਖ ਰਿਹਾ ਸਾਂ ਕਿ ਸੁਆਰੀਆਂ ਸਾਨੂੰ ਵੇਖ ਕੇ ਮੁਸਕੜੀਆਂ ਵਿਚ ਹੱਸ ਰਹੀਆਂ ਸਨ। ਮਾਨੋ ਪੁਛ ਰਹੀਆਂ ਹੋਣ ਕਿ ਰਾਤ ਕਿਵੇਂ ਬੀਤੀ। ਮੈਂ ਸੋਚ ਰਿਹਾ ਸਾ ਕਿ ਅਸਲੀਅਤ ਜਾਨਣ ਤੋਂ ਬਗੈਰ ਹੀ ਲੋਕੀ ਆਪਣੀ ਰਾਇ ਕਾਇਮ ਕਰ ਲੈਂਦੇ ਹਨ। ਇਕ ਦਾ ਸਬੰਧ ਦੂਸਰੇ ਨਾਲ ਕੀ ਹੋ ਸਕਦਾ ਹੈ ਇਸ ਨਾਲ ਉਹਨਾਂ ਨੂੰ ਕੋਈ ਮਤਲਬ ਨਹੀਂ ਹੁੰਦਾ। ਆਪਣੇ ਆਪ ਤੋਂ ਇਨਸਾਨ ਦਾ ਵਿਸ਼ਵਾਸ ਉਠਦਾ ਜਾ ਰਿਹਾ ਹੈ।

ਕੰਪਨੀ ਦਾ ਕੰਮ ਕਰਦਿਆਂ ਹੀ ਮੈਨੂੰ ਮਾਤਾ ਜੀ ਦੀ ਚਿੱਠੀ ਮਿਲੀ ਕਿ ਮੈਂ ਆਪਣੇ 'ਉਹਨਾਂ' ਨੂੰ ਮਿਲ ਕੇ ਆਵਾਂ। ਉਹ ਮੈਡੀਕਲ ਕਾਲਜ ਵਿਚ ਪੜ੍ਹਦੇ ਨੇ ਤੇ ਆਪਣੇ ਚਾਚਾ ਜੀ ਕੋਲ ਜਵਾਹਰ ਨਗਰ ਰਹਿੰਦੇ ਨੇ।

ਦਸੇ ਪਤੇ ਤੇ ਜਾ ਕੇ ਮੈਂ ਕਾਲ ਬੈਲ ਤੇ ਉਂਗਲੀ ਰੱਖ ਦਿਤੀ। ਉਹੀ ਟੱਲੀ ਵਰਗੇ ਬੋਲਾਂ ਵਾਲੀ ਕੁੜੀ ਦਰਵਾਜ਼ੇ ਵਿਚ ਖੜੀ ਹੈਰਾਨੀ ਨਾਲ ਮੇਰੇ ਵਲ ਵੇਖ ਰਹੀ ਸੀ।

"ਕੀ ਅੰਦਰ ਆਉਣ ਵਾਸਤੇ ਨਹੀਂ ਕਹੋਗੇ।"

"ਉਹ, ਆਓ ਅੰਦਰ ਲੰਘ ਆਓ।"

"ਸਰਦਾਰ ਗੁਰਮੁਖ ਸਿੰਘ ਕਿਥੇ ਨੇ ?"

"ਅੰਕਲ ਤੇ ਆਂਟੀ ਜ਼ਰਾ ਸ਼ਾਪਿੰਗ ਕਰਨ ਗਏ ਨੇ। ਆਉਣ ਵਾਲੇ ਹੀ ਹਨ। ਮੈਂ ਚਾਹ ਬਣਾ ਕੇ ਲਿਆਉਂਦੀ ਆਂ, ਤੁਸੀਂ ਬੈਠਕ ਵਿਚ ਇੰਤਜ਼ਾਰ ਕਰੋ।"

"ਨਹੀਂ, ਚਾਹ ਦੀ ਖੇਚਲ ਨਾ ਕਰੋ।

"ਘਰ ਆਏ ਮਹਿਮਾਨ ਦੀ ਸੇਵਾ ਕਰਨਾ ਕੀ ਸਾਡਾ ਫਰਜ਼ ਨਹੀਂ ? ਉਸ ਦਿਨ ਤੁਸਾਂ ਮੁਸੀਬਤ ਵਿਚ ਸਾਥ ਦਿਤਾ ਸੀ ਇਹ ਮੈਂ ਕਿਵੇਂ ਭੁਲ ਸਕਦੀ ਆਂ। ਉਸ ਦਿਨ ਦਾ ਵਾਕਿਆ ਜਦੋਂ ਵੀ ਯਾਦ ਆਉਂਦਾ ਏ ਤਾਂ ਮੈਂ ਤੇ ਮੇਰੀ ਭੈਣ ਅਸੀਂ ਦੋਵੇਂ ਹੀ ਤੁਹਾਨੂੰ ਬੜਾ ਯਾਦ ਕਰਦੀਆਂ ਹਾਂ। ਜੇਕਰ ਤੁਸੀਂ ਮੁਸੀਬਤ ਵਿਚ ਸਾਥ ਨਾ ਦਿੰਦੇ ਤਾਂ ਸ਼ਾਇਦ... ਅੱਛਾ ਮੈਂ ਹੁਣੇ ਆਈ" ਕਹਿੰਦਿਆਂ ਉਹ ਰਸੋਈ ਵਲ ਮੁੜ ਗਈ ਤੇ ਮੈਂ ਬੈਠਕ ਵਿਚ ਪਈਆਂ ਚੀਜ਼ਾਂ ਵੇਖਣ ਲਗ ਪਿਆ। ਕਾਰਨਰ ਤੇ ਪਈ ਤਸਵੀਰ ਤੇ ਆਕੇ ਮੇਰੀ ਨਜ਼ਰ ਅਟਕ ਗਈ। 'ਕਿਤੇ ਇਹ ਉਹੀ ਤਾਂ ਨਹੀਂ' ਮੇਰਾ ਦਿਲ ਧੜਕਣ ਲਗ ਪਿਆ।

ਚਾਹ ਪੀਂਦਿਆਂ ਵੀ ਮੇਰੀ ਨਜ਼ਰ ਤਸਵੀਰ ਤੇ ਲਗੀ ਹੋਈ ਸੀ ਤੇ ਉਸਦੀਆਂ ਗਲਾਂ ਦਾ ਉਤਰ ਹੂ ਹਾਂ ਕਰਕੇ ਦੇ ਰਿਹਾ ਸਾਂ।

'ਇਹ ਤਸਵੀਰ ਕਿਸਦੀ ਏ'

'ਮੇਰੇ ਡੈਡੀ ਜੀ ਦੀ, ਉਹ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ'

ਉਹ...ਤਾਂ ਤੁਸੀਂ (ਗਲਾਂ ਕਰਦਿਆਂ ਆਪ ਮੁਹਾਰੇ ਮੁਸਕਾਨ ਮੇਰੇ ਬੁਲ੍ਹਾਂ ਤੇ ਫੈਲ ਗਈ)...ਅਛਾ ਜਦ ਅੰਕਲ ਜੀ ਆਉਣ ਤਾਂ ਉਹਨਾਂ ਨੂੰ ਦਸ ਦੇਣਾ ਕਿ ਗੁਰਦੀਪ ਪਾਲ ਆਇਆ ਸੀ... ਈਸਟ ਮੋਹਨ ਨਗਰ ਵਾਲੇ ਜਸੱਲ...'

ਮੇਰੀ ਗਲ ਪੂਰੀ ਹੋਣ ਤੋਂ ਪਹਿਲਾਂ ਹੀ ਸ਼ਰਮਾ ਕੇ ਉਹ ਦੂਸਰੇ ਕਮਰੇ ਵਿਚ ਚਲੀ ਗਈ। ਤੇਰਾਂ ਨੰਬਰ ਨੇ ਮੈਨੂੰ ਇਕ ਹੋਰ ਵਰਦਾਨ ਦਿਤਾ ਸੀ।

ਹਰਭਜਨ ਸਿੰਘ ਖੇਮਕਰਨੀ
ਜੂ. ਡੀ ਸੀ.
ਰਾਹੀਂ : ਚੀਫ ਇੰਜੀਨੀਅਰ ਬਠਿੰਡਾ ਜ਼ੋਨ
ਬਠਿੰਡਾ

Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 269656
Phones : Office : 275938
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS ;

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind ubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

ਮੋਹਨ ਸਿੰਘ ਸਿਮਰਤੀ ਅੰਕ

ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਸ: ਈਸ਼ਰ ਅਟਾਰੀ ਸੰਪਾਦਤ, ਮੋਹਨ ਇੰਘ ਸਿਮਰਤੀ ਅੰਕ ਸਵ; ਪ੍ਰੋ ਮੋਹਨ ਸਿੰਘ ਦੀ ਸ਼ਖਸੀਅਤ ਦੇ ਵੱਖ ਵੱਖ ਪਹਿਲੂਆਂ ਨੂੰ ਕਲਾਮਈ ਤਰੀਕੇ ਨਾਲ ਸਾਹਮਣੇ ਲਿਆਉਂਦਾ ਹੈ। ਪ੍ਰੋ: ਸੰਤ ਸਿੰਘ ਸੇਖੋਂ, ਅਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਪ੍ਰੋ: ਪ੍ਰੀਤਮ ਸਿੰਘ, ਪ੍ਰੋ: ਗੁਰਬਚਨ ਸਿੰਘ ਤਾਲਿਬ, ਡਾ: ਪ੍ਰੇਮ ਪ੍ਰਕਾਸ਼ ਸਿੰਘ, ਡਾ: ਰੋਸ਼ਨ ਲਾਲ ਆਹੂਜਾ, ਡਾ ਜੀਤ ਸਿੰਘ ਸੀਤਲ, ਡਾ ਅਤਰ ਸਿੰਘ, ਡਾ ਸੁਰਜੀਤ ਸਿੰਘ ਸੇਠੀ, ਡਾ: ਪ੍ਰੀਤਮ ਸੈਣੀ, ਡਾ ਓ. ਪੀ. ਗੁਪਤਾ, ਸੁਖਪਾਲ ਵੀਰ ਸਿੰਘ ਹਸਰਤ, ਰਵਿੰਦਰ ਰਵੀ, ਪ੍ਰਿ: ਪਿਆਰਾ ਸਿੰਘ ਭੋਗਲ, ਡਾ: ਗੁਰਨਾਮ ਸਿੰਘ ਤੀਰ ਅਤੇ ਈਸ਼ਰ ਸਿੰਘ ਅਟਾਰੀ ਵਰਗੇ ਵਿਦਵਾਨਾਂ ਦੁਆਰਾ ਲਿਖੇ ਗਏ ਲੇਖ ਇਸ ਅੰਕ ਵਿਚ ਇਕਤ੍ਰ ਕੀਤੇ ਗਏ ਹਨ। ਪ੍ਰੋ: ਮੋਹਨ ਸਿੰਘ ਦੀ ਲਿਖਤ ਕਲਾ ਉਸਦੀ ਸੋਚਣੀ ਅਤੇ ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਇਹਨਾਂ ਵਿਦਵਾਨਾਂ ਨੇ ਆਪਣੇ ਆਪਣੇ ਨਵੇਕਲੇ ਅਤੇ ਸੁਹਜਮਈ ਅੰਦਾਜ਼ ਵਿਚ ਲਿਖ ਕੇ ਮੂਰਤੀਮਾਨ ਕੀਤਾ ਹੈ।

ਪ੍ਰੀਤਮ ਸਿੰਘ ਸਫੀਰ, ਜਸਵੰਤ ਸਿੰਘ ਕੰਵਲ, ਡਾ: ਨਰੇਸ਼, ਭਾਈ ਜੋਧ ਸਿੰਘ, ਸੰਤੋਖ ਸਿੰਘ ਧੀਰ, ਕੁਲਬੀਰ ਸਿੰਘ ਕਾਂਗ, ਸ੍ਰੀਮਤੀ ਸੰਤੋਸ਼ ਸਾਹਨੀ, ਤਖਤ ਸਿੰਘ, ਸੁਰਜੀਤ ਸਿੰਘ ਸਹੇਲ ਸਿੰਘ, ਪ੍ਰੀਤਮ ਸਿੰਘ ਪੰਛੀ, ਕਰਤਾਰ ਸਿੰਘ ਦੁਗਲ, ਡਾ: ਹਹਨੇਕ ਸਿੰਘ ਕੋਮਲ ਤੇ ਫਕੀਰ ਚੰਦ ਤੁਲੀ ਦੁਆਰਾ ਸ਼ਰਧਾਂਜਲੀ ਦੇ ਰੂਪ ਵਿਚ ਵਿਚਾਰ ਅੰਕਿਤ ਹਨ — ਪ੍ਰੋ: ਮੋਹਨ ਸਿੰਘ ਦੀ ਆਪਣੀ ਹੱਥ ਲਿਖਤ ਦਾ ਨਮੂਨਾ ਉਹਦੇ ਜੀਵਨ, ਰਚਨਾਵਾਂ, ਅਤੇ ਹੋਰ ਸਰਗਰਮੀਆਂ ਬਾਰੇ ਬਿਓਰਾ ਵੀ ਇਸ ਵਿਚ ਸ਼ਾਮਲ ਹਨ। ਪ੍ਰੋ: ਮੋਹਨ ਸਿੰਘ ਦੀਆਂ ਤਿੰਨ ਯਾਦਗਾਰੀ ਤਸਵੀਰਾਂ ਅਤੇ ਪ੍ਰੋ: ਹਿਰਦੇਜੀਤ ਭੋਗਲ ਦੇ ਬਣਾਏ ਸਕੇਚ ਰਾਹੀਂ ਥਾਂ ਪਰ ਥਾਂ ਇਸ਼ ਨੂੰ ਸਜਾਇਆ ਗਿਆ ਹੈ। ਟਾਈਟਲ ਵਧੀਆ ਹੈ ਅਤੇ ਸਮੁਚੀ ਕ੍ਰਿਤ ਪੰਜਾਬੀ ਸਾਹਿਤ ਸਮੀਖਿਆ ਬੋਰਡ ਦਾ ਸਾਰਥਕ ਉਦਮ ਅਤੇ ਈਸ਼ਰ ਸਿੰਘ ਅਟਾਰੀ ਦੀ ਸੰਪਾਦਨ ਪ੍ਰਤਿਭਾ ਦਾ ਸੁੰਦਰ ਨਮੂਨਾ ਹੈ। ਮਿਲਨ ਦਾ ਪਤਾ ਪੰਜਾਬੀ ਸਾਹਿਤ ਸਮੀਖਿਆ ਬੋਰਡ ਈ. ਕਯੂ. ੧੯੯, ਪੱਕਾ ਬਾਗ, ਜਲੰਧਰ ਤੇ ਮੁਲ ੧੦ ਰੁਪਏ।

—ਸੰਪਾਦਕ

ਜਲੰਧਰ ਵਿਚ ਸ਼ਾਮੇ ਗ਼ਜ਼ਲ

ਸੰਗੀਤ ਕਲਾ ਮੰਚ ਜਲੰਧਰ ਵਲੋਂ, ਪ੍ਰੋ: ਜੁਗਿੰਦਰ ਬਾਵਰਾ ਦੇ ਉਦਮ ਨਾਲ ੧੯ ਜਨਵਰੀ ਦੀ ਸ਼ਾਮ ਨੂੰ ਗਵਰਮੈਂਟ ਕਾਲਜ ਆਫ ਐਜੂਕੇਸ਼ਨ ਵਿਚ ਸ਼ਾਮੇ ਗ਼ਜ਼ਲ ਦਾ ਪ੍ਰਬੰਧ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪੰਜਾਬ ਦੇ ਨਾਮਵਰ ਆਰਟਿਸਟਾਂ ਜਿਵੇ, ਸ: ਮਹਿੰਦਰ ਸਿੰਘ, ਸ: ਰਛਪਾਲ ਸਿੰਘ ਪਾਲ, ਗੁਰਦੀਪ ਸਿੰਘ, ਜੁਗਿੰਦਰ ਬਾਵਰਾਂ, ਗੀਤਾ ਸ਼ਰਮਾ, ਬਿਹਾਰੀ ਲਾਲ ਮਹਿਤਾ, ਪਦਮ ਪ੍ਰਕਾਸ਼ (ਗਿਟਾਰ), ਵੀਨਾ, ਸੁਸ਼ਮਾ ਸ਼ੋਰੀ, ਕਾਲੇ ਰਾਮ, ਪੰਡਤ ਰਮਾਂ ਕਾਂਤ, ਸਤੀਸ਼ ਚੰਦਰ ਅਤੇ ਸੁਧੀਰ ਕੋਸ਼ਲ ਨੇ ਭਾਗ ਲਿਆ। ਸਭਾ ਦੇ ਮੁਖ ਮਹਿਮਾਨ ਸ: ਮਨਮੋਹਨ ਸਿੰਘ ਕਲਸੀ ਆਫ ਕਲਸੀ ਮੈਟਲ ਵਰਕਸ ਸਨ ਅਤੇ ਉਦਘਾਟਨ ਡਾ. ਡੀ. ਆਰ. ਵਿਜ ਪ੍ਰਿੰਸੀਪਲ ਨੇ ਕੀਤਾ। ਸ੍ਰੀ ਰਮੇਸ਼ ਚੰਦਰ ਐਮ. ਐਲ. ਏ., ਸ੍ਰੀ ਕਨਈਆ ਲਾਲ ਕਪੂਰ ਤੇ ਕਲਾ ਮੰਚ ਦੇ ਪ੍ਰਧਾਨ ਸੀ ਵਿਜੇ ਚੋਪੜਾ ਨੇ ਆਪਣੇ ਰੋਚਕ ਵਿਚਾਰ ਰਖੇ, ਪ੍ਰਿਥਵੀ ਰਾਜ ਕਪੂਰ ਨੇ ਮੰਚ ਸੰਚਾਲਨ ਕੀਤਾ :—

ਨੌਜਵਾਨ ਕਵੀ ਫ਼ਕੀਰ ਚੰਦ ਤੁਲੀ

ਦੀ

ਨਵੀਂ ਕਾਵਿ-ਪੁਸਤਕ

ਸੱਤ-ਰੰਗ ਮੇਰੇ ਵੀ

(ਕਾਵਿ)

(ਮਾਰਚ ਦੇ ਪਹਿਲੇ ਹਫਤੇ ਤੁਹਾਡੇ ਸ਼ੁਭ ਹੱਥਾਂ ਵਿਚ ਹੋਵੇਗੀ।)

Sri Satguru Jagjit Singh Ji Elibrary NamdhariElibrary@gmail.com

ਕੂਕਿਆਂ ਸਬੰਧੀ ਪ੍ਰਸਪਰ ਵਿਰੋਧ

—ਸਵਰਨ ਸਿੰਘ ਸਨੇਹੀ

(ਕਿਸ਼ਤ ੨)

(ਲੜੀ ਜੋੜਨ ਲਈ ਜਨਵਰੀ ਅੰਕ ਵੇਖੋ)

ਭੈਣੀ ਸਾਹਿਬ ਤੋਂ ਤੁਰ ਕੇ ਇਹ ਸਿੰਘ ਰਬੋ ਜਾ ਕੇ ਰਾਤ ਰਹੇ। ਇਸ ਪੜਾਅ ਬਾਰੇ ਵੀ ਦੋ ਰਾਵਾਂ ਹਨ। ਮੇਜਰ ਪਰਕਿਨਜ਼ ਮੇਜਰ ਬੈਮਫੀਲਡ ਨੂੰ ਲਿਖੀ ਆਪਣੀ ਉਕਤ ਚਿਠੀ ਵਿਚ ਕਹਿੰਦਾ ਹੈ ਕਿ ਇਹ ਸਿੰਘ ਇਕ ਖੂਹ ਤੇ ਰਹੇ ਸਨ—ਜੋ ਅਸਲ ਵਿਚ ਠੀਕ ਹੈ—ਪਰ 'ਇੰਗਲਿਸ਼ਮੈਨ' ਕਹਿੰਦਾ ਹੈ – ਨਹੀਂ – ਇਕ ਪੁਰਾਣੇ ਬਾਗ ਵਿਚ ਰਹੇ ਸਨ। ਦੂਜੇ ਦਿਨ ਸ਼ਾਮ ਨੂੰ ਇਹ ਜਥਾ ਮਲੌਦ ਨੂੰ ਤੁਰ ਪਿਆ।

ਮਲੌਦ ਜਾਣ ਦੇ ਕਾਰਨ ਸਰਕਾਰੀ ਲਿਖਤਾਂ ਨੇ ਦੋ ਦਸੇ ਹਨ। ਕਿਉਂਕਿ ਮਲੌਦੀਏ ਸਰਕਾਰ ਵੀ ਸਰਕਾਰ ਦੇ ਝੋਲੀ ਚੁਕ ਸਨ। ਇਸ ਲਈ ਸਰਕਾਰ ਨਹੀਂ ਸੀ ਚਾਹੁੰਦੀ ਕਿ ਉਨ੍ਹਾਂ ਤੇ ਕਿਸੇ ਕਿਸਮ ਦਾ ਕਲੰਕ ਲਗੇ। ਸੋ ਰਿਪੋਰਟਾਂ ਵਿਚ ਇਹੋ ਪਰਗਟ ਕੀਤਾ ਗਿਆ ਹੈ ਕਿ ਇਕ ਤਾਂ ਕੂਕੇ ਹਥਿਆਰ ਲੈਣ ਦੇ ਲਾਲਚ ਨਾਲ ਇਥੇ ਆ ਕੇ ਪਏ ਦੂਜੇ ਬਦਲਾ ਲੈਣ। ਕਿਉਂਕਿ ਸਰਦਾਰ—ਮਹਾਰਾਜਾ ਪਟਿਆਲਾ ਦਾ ਸਬੰਧੀ ਸੀ ਤੇ ਪਟਿਆਲੀਆਂ ਨੇ ਫਰੀਦਕੋਟ ਦੇ ਮੁਕਦਮੇ ਵਿਚ ਸਰਕਾਰ ਦੀ ਮਦਦ ਕੀਤੀ ਸੀ। ਉਸ ਮਦਦ ਦਾ ਬਦਲਾ ਸਿੰਘ ਸਰਕਾਰ ਕੋਲੋਂ ਲੈਣ ਆਏ ਸਨ। ਪਰ ਅਸਲੀਅਤ ਕੁਛ ਹੋਰ ਸੀ। ਇਹ ਮਲੌਦੀਆ ਸਰਦਾਰ ਇਕ ਵਾਰ ਭੈਣੀ ਸਹਿਬ ਗਿਆ ਤੇ ਇਸਨੇ ਸਤਿਗੁਰੂ ਜੀ ਨੂੰ ਕੋਈ ਸੇਵਾ ਪੁਛੀ ਸੀ। ਕੋਲੋਂ ਹੀਰਾ ਸਿੰਘ ਨੇ ਆਖ ਦਿਤਾ ਕਿ ਲੋੜ ਵੇਲੇ ਦਸੀ ਜ ਇਗੀ। ਹੁਣ ਸਿੰਘਾਂ ਨੂੰ ਹਥਿਆਰਾਂ ਦੀ ਲੋੜ ਸੀ—ਉਨ੍ਹਾਂ ਸੋਚਿਆ ਸਰਦਾਰ ਨੂੰ 'ਸੇਵਾ' ਹੁਣ ਯਾਦ ਕਰਾਉਣ ਦਾ ਮੌਕਾ ਹੈ। ਸੋ ਉਨ੍ਹਾਂ ਨੇ ਜਾ ਕੇ ਹਥਿਆਰ ਮੰਗੇ ਪਰ ਸਰਕਾਰ ਤੋਂ ਡਰਦਾ ਸਰਦਾਰ ਮੁਕਰ ਗਿਆ ਤੇ ਹਥੋ ਪਾਈ ਹੋ ਪਏ—ਹੌਲੀ ਹੌਲੀ ਲੜਾਈ ਵਧ ਗਈ ਤੇ ਦੋਹਾਂ ਧਿਰਾਂ ਦਾ ਹੀ ਨੁਕਸਾਨ ਹੋਇਆ। ਦੂਜੀ ਗੱਲ ਜੋ ਇੰਗਲਿਸ਼ਮੈਨ ਨੇ ੨੫ ਜਨਵਰੀ ਦੇ ਪਰਚੇ ਵਿਚ ਲਿਖੀ ਸੀ 'ਕਿ ਕੁਛ ਸਿੰਘ ਪਹਿਲਾਂ ਆਏ ਜੋ ਕਹਿ ਰਹੇ ਸਨ ਲਉ (ਗੁਰੂ) ਰਾਮ ਸਿੰਘ ਆਏ ਹਨ ਰਸਤਾ ਛਡੋ' ਇਸ ਦਾ ਸਬੰਧ ਵੀ ਜੁੜਨਾ ਸੰਭਵ ਹੈ ਕਿਉਂਕਿ ਸਰਦਾਰ ਇਧਰ ਵੀ ਥੋੜ੍ਹੀ ਬਹੁਤੀ ਸ਼ਰਧਾ ਰਖਦਾ ਸੀ ਪਰ ਡਰ ਅੰਗਰੇਜ਼ ਦਾ ਵੀ ਸੀ। ਹੋ ਸਕਦਾ ਹੈ ਕੁਛ ਲੋਕਾਂ ਨੂੰ ਸਰਦਾਰ ਦੇ ਗੁਝੇ ਤੌਰ ਤੇ ਨਾਮਧਾਰੀਆਂ ਨਾਲ ਰਖੇ ਜਾਂਦੇ ਸਨੇਹ ਦਾ ਪਤਾ ਹੋਵੇ ਤਾਂ ਹੀ ਇਸ ਬਹਾਨੇ ਉਨ੍ਹਾਂ ਨੇ ਕੂਕਿਆਂ ਨੂੰ ਬਾਹਰਲੇ ਦਰਵਾਜਿਉਂ ਅੰਦਰ ਵੜਨ ਦਿਤਾ ਹੋਇਆ ਪਰ ਇਹ ਗੱਲ ਸਿਰਫ ਇਸੇ ਅਖਬਾਰ ਨੇ ਹੀ ਲਿਖੀ ਹੈ ਕਿਸੇ ਗਵਾਹ ਜਾਂ ਸਰਦਾਰ ਦੇ ਬਿਆਨਾਂ ਵਿਚੋਂ ਸਪਸ਼ਟ ਨਹੀਂ ਹੁੰਦੀ।

ਮਲੌਦ ਦੇ ਹਮਲੇ ਸਬੰਧੀ ਹੋਰਨਾਂ ਪਖਾਂ ਤੋਂ ਵੀ ਸਰਕਾਰੀ ਬਿਆਨਾਂ ਤੇ ਲਿਖਤਾਂ ਵਿਚ ਪ੍ਰਸਪਰ ਵਿਰੋਧ ਹੈ। ਪੰਜਾਬ ਸਰਕਾਰ ਦਾ ਸਕੱਤਰ, ਹਿੰਦ ਸਰਕਾਰ ਦੇ ਸਕਤਰ ਨੂੰ ਭੇਜੀ ੧੬ ਜਨਵਰੀ ਦੀ ਇਤਲਾਹ ਵਿਚ ਹਮਲਾਵਰਾਂ ਦੀ ਗਿਣਤੀ ੨੦੦ ਦਸਦਾ ਹੈ। ਇਹੋ ਗਿਣਤੀ ਹਿੰਦ ਸਰਕਾਰ ਨੇ ਰਾਜ ਸਕੱਤਰ ਨੂੰ ਲੰਡਨ ਭੇਜੀ। ਕਾਵਨ ਕਹਿੰਦਾ ਹੈ ਕਿ ਸਾਰੇ ਆਦਮੀ, ਰਬੋ ਦੇ ਖੂਹ ਤੇ, ੧੫੦ ਤੋਂ ਘਟ ਸਨ ਤੇ ਹੋਰ ਕੋਈ ਉਨ੍ਹਾਂ ਵਿਚ ਰਲਿਆ ਨਹੀਂ ਇਹ ਵੀ ਕਾਵਨ ਮੰਨਦਾ ਹੈ। ਉਸ ਅਨਸਾਰ ਹਮਲਾਵਾਰ ੧੫੦ ਸਨ ਜਾਂ ਇਸ ਤੋਂ ਘੱਟ। ਫਿਰ ਕਾਵਨ ਆਪਣੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖੀ ਤਾਰ ਵਿਚ ੧੬ ਜਨਵਰੀ ਨੂੰ ਕਹਿੰਦਾ ਹੈ ਕਿ ਮਲੌਦ ਵਿਚ ਦੋ ਕੂਕੇ ਸ਼ਹੀਦ ਹੋਏ ਤੇ ੪ ਗ੍ਰਿਫਤਾਰ ਫਿਰ ੧੬ ਜਨਵਰੀ ਦੀ ਚਿਠੀ ਵਿਚ ਉਹੀ ਕਾਵਨ ੩ ਸ਼ਹੀਦ ਦਸਦਾ ਹੈ। ਪੰਜਾਬ ਸਰਕਾਰ ਦਾ ਸਕੱਤਰ ਕਲਕੱਤੇ ਗ੍ਰਿਹ ਵਿਭਾਗ ਦੇ ਸਕੱਤਰ ਨੂੰ ਗ੍ਰਿਫਤਾਰੀਆਂ ੭ ਲਿਖਦਾ ਹੈ ਇੰਗਲਿਸ਼ਮੈਨ ੬ ਲਿਖਦਾ ਹੈ। ਇੰਡੀਅਨ ਸਟੇਟਸਮੈਨ ਸ਼ਹੀਦ ਇਕ ਦਸਦਾ ਹੈ। ਪੰਜਾਬ ਸਰਕਾਰ ਦੇ ਸਕੱਤਰ, ਸਰ ਲੇਪਿਲ

Sri Satguru Jagjit Singh Ji Elibrary NamdhariElibrary@gmail.com

ਗਰਿਫਨ ਨੇ ੧੭ ਜਨਵਰੀ ਨੂੰ ਜਾਰੀ ਕੀਤੀ ਸਰਕਾਰੀ ਖਬਰ ਵਿਚ ਇਕ ਸ਼ਹੀਦ ਤੇ ੨ ਗ੍ਰਿਫਤਾਰ ਹੋਏ ਦਸੇ ਹਨ। ਆਪਣੀ ੧੭ ਜਨਵਰੀ ਦੀ ਚਿਠੀ ਵਿਚ ਕਾਵਨ ਕਹਿੰਦਾ ਹੈ ਕਿ ਸਿੰਘਾਂ ਨੇ ਮਲੌਦ ਤੋਂ ਤਿੰਨ ਘੋੜੇ, ਇਕ ਬੰਦੂਕ ਤੇ ਇਕ ਤਲਵਾਰ ਪ੍ਰਾਪਤ ਕੀਤੀ ਪਰ ੬ ਫਰਵਰੀ ਦੀ ਚਿਠੀ ਵਿਚ ਕਰਨਲ ਪਰਕਿਨਜ਼ ਚਾਰ ਘੋੜੇ, ਇਕ ਦੋਨਾਲੀ ਬੰਦੂਕ ਤੇ ਤਿੰਨ ਤਲਵਾਰਾਂ ਦਸਦਾ ਹੈ ਜਦ ਕਿ ਮਲੌਦ ਇਹ ਦੋਵੇਂ ਅਫਸਰ ਇਕੱਠੇ ਹੀ ਗਏ ਸਨ।

ਸਿੰਘਾਂ ਦੇ ਭੈਣੀ ਸਾਹਿਬ ਤੋਂ ਤੁਰਨ ਪਿਛੋਂ ਲੁਧਿਆਣੇ, ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਰਾਹੀਂ, ਇਹ ਖਬਰ ਪੁਜ ਗਈ ਸੀ ਕਿ ਕੋਟਲੇ ਤੇ ਹਮਲਾ ਕੀਤਾ ਜਾਇਗਾ। ਕਾਵਨ ੧੭ ਜਨਵਰੀ ਦੀ ਚਿਠੀ ਵਿਚ ਕਹਿੰਦਾ ਹੈ ਕਿ ਹਮਲੇ ਦੀ ਸੂਚਨਾ ਕੋਟਲੇ ੧੪ ਜਨਵਰੀ ਨੂੰ ਹੀ ਪੁਜੀ। ਪਰ ਕਰਨਲ ਪਰਕਿਨਜ਼ ਇਕ ਪਾਸੇ ੬ ਫਰਵਰੀ ਦੀ ਚਿਠੀ ਵਿਚ ਕਹਿੰਦਾ ਹੈ ਕਿ ਜਿਉਂ ਹੀ ਸਰਫਰਾਜ਼ ਖਾਂ ਉਸ ਕੋਲ ਪੁਜਾ, ਉਹ ਉਹਨੂੰ ਲੈ ਕੇ ਕਾਵਨ ਕੋਲ ਗਿਆ। ਕਾਵਨ ਨੇ ਉਸੇ ਵਕਤ ਹੀ ਪਟਿਆਲੇ ਤੇ ਕੋਟਲੇ ਦੇ ਵਕੀਲਾਂ ਨੂੰ ਸੂਚਨਾ ਦੇ ਦਿਤੀ ਜੋ ੧੩ ਜਨਵਰੀ ਰਾਤ ਦੇ ੧੧ ਵਜੇ ਤਾਂ ਵਕੀਲਾਂ ਨੂੰ ਮਿਲੀ। ਫਾਸਲਾ ੩੧ ਮੀਲ ਦਾ ਸੀ ਜਿਸ ਕਾਰਨ ਮਲੇਰ ਕੋਟਲੇ ਇਹ ਸੂਚਨਾ ੧੪ ਜਨਵਰੀ ਸਵੇਰੇ ੬ ਵਜੇ ਪੁਜ ਸਕੀ। ਹਮਲਾ ੧੫ ਨੂੰ ਸਵੇਰੇ ਸੂਰਜ ਚੜ੍ਹਨ ਦੇ ਨਾਲ ਹੋਇਆ ਜਿਸ ਦਾ ਭਾਵ ਸੀ ਕਿ ਕੋਟਲੇ ਵਾਲਿਆਂ ਨੂੰ ੨੪-੨੫ ਘੰਟੇ ਤਿਆਰੀ ਲਈ ਮਿਲ ਗਏ ਸਨ ਜੋ ਅਜਿਹੀ ਸਥਿਤੀ ਵਿਚ ਕਾਫੀ ਸਮਝਣੇ ਚਾਹੀਦੇ ਹਨ। ਦੂਜੇ ਪਾਸੇ ਇਹੋ ਪਰਕਨਜ਼ ੨੭ ਜਨਵਰੀ ਨੂੰ ਕਹਿੰਦਾ ਹੈ ਕਿ ਕੋਟਲੇ ਵਾਲਿਆਂ ਨੂੰ ਸੂਚਨਾ ਥੋੜ੍ਹਾ ਸਮਾਂ ਪਹਿਲਾਂ ਪੁਜਣ ਕਾਰਨ ਉਨ੍ਹਾਂ ਦੀ ਤਿਆਰੀ ਨਹੀਂ ਸੀ।

ਸਰਕਾਰੀ ਲਿਖਤਾਂ ਦੇ ਆਧਾਰ ਤੇ ਮਲੇਰ ਕੋਟਲੇ ਹਮਲੇ ਦੀ ਸੰਭਾਵਨਾ ਦੀ ਖਬਰ ੧੪ ਜਨਵਰੀ ਸਵੇਰੇ ਪੁਜ ਗਈ ਸੀ ਜਿਸ ਕਾਰਨ ਕੋਟਲਾ ਅਧਿਕਾਰੀਆਂ ਨੇ ਪਹਿਰੇ ਲਾਏ ਹੋਏ ਸਨ। ਇਹ ਪਹਿਰੇ ਦਿਨ ਚੜ੍ਹਦਿਆਂ ਖਤਮ ਕਰ ਦਿਤੇ ਗਏ ਤੇ ਉਸ ਤੋਂ ਕੁਛ ਚਿਰ ਪਿਛੋਂ ਹੀ ਸਿੰਘਾਂ ਨੇ ਜਾ ਫਤੂ ਬੁਲਾਈ। ਸਰਕਾਰ ਪਖੀ ਅਖਬਾਰ ਇੰਗਲਿਸ਼ਮੈਨ ਕਹਿੰਦਾ ਹੈ ਕਿ ਕੋਟਲੇ ਵਾਲੇ ਬੜੀ ਬਹਾਦਰੀ ਨਾਲ ਲੜੇ—ਉਹ ਡਟ ਕੇ ਤਿਆਰ ਸਨ ਜਿਸ ਕਾਰਨ ਚੰਗਾ ਮੁਕਾਬਲਾ ਹੋਇਆ। ਪੁਲਸ ਰਿਪੋਰਟ ਵਿਚ ਵੀ ਇਹੋ ਲਿਖਿਆ ਗਿਆ ਹੈ। ਦੂਜੇ ਪਾਸੇ ਇਹ ਵੀ ਇਤਲਾਹ ਸੀ ਕਿ ਸ਼ਹਿਰ ਕੂਕਿਆਂ ਨੇ ਘੇਰੇ ਵਿਚ ਲਿਆ ਹੋਇਆ ਸੀ (ਕਰਨਲ ਪਰਕਿਨਜ਼ ਦੀ ਮੇਜਰ ਬੈਮਫੀਲਡ ਨੂੰ ੬ ਫਰਵਰੀ ਦੀ ਚਿਠੀ), ਫਿਰ ਜ਼ਖਮੀ ਤੇ ਮਰਨ ਵਾਲੇ ਬਹੁਤੇ ਕੋਟਲੀਏ ਸਨ। ਕੂਕਿਆਂ ਵਲੋਂ, ਸਿਵਲ ਸਰਜਨ ਦੀ ਲਿਖਤ ਅਨੁਸਾਰ, ੭ ਸ਼ਹੀਦ, ੧ ਬਹੁਤ ਸਖਤ ਜ਼ਖਮੀ, ਇਕ ਸਖਤ ਜ਼ਖਮੀ—ਭਾਵ ਸਾਰੀ ਗਿਣਤੀ ੯ ਸੀ ਜਦ ਕਿ 'ਬਹਾਦਰੀ ਨਾਲ, ਤਿਆਰ ਹੋ ਕੇ, ਡਟ ਕੇ ਲੜਨ ਵਾਲਿਆਂ ਵਿਚ' ੮ ਮਰੇ, ੨ ਬਹੁਤ ਜ਼ਖਮੀ, ੯ ਮਾਮੂਲੀ ਜ਼ਖਮੀਂ ਭਾਵ ਸਾਰੇ ੨੩ ਸਨ। ਤਕਰੀਬਨ ਢਾਈ ਗੁਣਾਂ ਹੋ ਗਏ।

ਮਲੇਰ ਕੋਟਲੇ ਵਿਚ ਲੜਾਈ ਹੋਈ। ਕਾਵਨ ਇਸ ਨੂੰ ਤੁਰੀ ਜਾਂਦੀ ਲੜਾਈ ਦਸਦਾ ਹੋਇਆ ਕਹਿੰਦਾ ਹੈ ਕਿ ਕੂਕੇ ਅਗੇ ਭਜੇ ਜਾਂਦੇ ਸਨ ਪਿਛੇ ਕੋਟਲੇ ਵਾਲੇ ਹਮਲੇ ਕਰਦੇ ਜਾਂਦੇ ਸਨ। ਇਹ ਨਹੀਂ ਪਤਾ ਫਿਰ ਮਰਨ ਵਾਲੇ ਬਹੁਤੇ ਅਗਲਿਆਂ ਵਿਚੋਂ ਚਾਹੀਦੇ ਸਨ ਕਿ ਮਗਰਲਿਆਂ ਵਿਚੋਂ। ਕੂਕਿਆਂ ਨੇ ਆਪਣਾ ਮੰਤਵ ਪੂਰਾ ਕਰ ਲਿਆ ਸੀ। ਸੋ ਅਗੇ ਇਕ ਥੇਹ ਤੇ ਹੀਰਾ ਸਿੰਘ ਨੇ ਬਰਛੀ ਗੱਡ ਦਿਤੀ। ਤੇ ਇਕ ਸਮਕਾਲੀ ਲੇਖਕ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਹੀਰਾ ਸਿੰਘ ਨੇ ਕਿਹਾ, "ਬਾਪੂ ਜੀ ਦਾ ਹੁਕਮ ਏਤਨਾ ਹੀ ਹੈ। ਅਸੀਂ ਤਾਂ ਅਗੇ ਕਖ ਨਹੀਂ ਤੋੜਨਾ ਹੈ...ਤੂਰੇ ਸਿੰਘ ਰੜ ਆਏ, ਤਲਵਾਰਾਂ ਕੀ ਛੋਹੀ ਲਗਾਇ ਦਿਤੀ, ਹੀਰਾ ਸਿੰਘ ਕਹਿਆ, ਸਾਨੂੰ ਜਿਤਨਾ ਹੁਕਮ ਸ੍ਰੀ ਗੁਰੂ ਤੇਗ ਬਹਾਦਰ ਜੀ ਕਾ ਸੀ, ਉਤਨਾ ਬਰਤਾਇ ਦੀਆ ਹੈ। ਜਿਸ ਸੀਸ ਦੇਣਾ ਹੋ ਸੋ ਰਹੋ।" ਇਸ ਪਿਛੋਂ ਸਿੰਘ ਆਪ ਜਾ ਕੇ ਸ਼ੇਰਪੁਰ ਗ੍ਰਿਫਤਾਰ ਹੋਏ।

ਇਸ ਗ੍ਰਿਫਤਾਰੀ ਦੀ ਘਟਨਾ ਵੀ ਅਜੀਬ ਤਰ੍ਹਾਂ ਨਾਲ ਘੜੀ ਬਣਾਈ ਗਈ ਹੈ। ਕੋਈ ਇਕ ਦੂਜੇ ਨਾਲ ਸਹਿਮਤ ਨਹੀਂ। ਪਹਿਲੀਆਂ ਇਤਲਾਹਾਂ ਤੇ ਤਾਰਾਂ ਵਿਚੋਂ ਇਹੋ ਜ਼ਿਕਰ ਹੈ ਕਿ ਕੂਕੇ ਆਪਣੇ ਆਪ ਪੇਸ਼ ਹੋਏ ਪਰ ਮਗਰੋਂ ਜਾ ਕੇ ਇਹ ਲਿਖਣਾ ਸ਼ੁਰੂ ਕਰ ਦਿਤਾ ਗਿਆ ਕਿ ਗ੍ਰਿਫਤਾਰ ਕੀਤੇ ਗਏ।

Sri Satguru Jagjit Singh Ji Elibrary NamdhariElibrary@gmail.com

ਸਵਾਰਥੀ ਆਦਮੀ ਕਈ ਕੁਝ ਸੋਚ ਲੈਂਦੇ ਹਨ। ਕਾਵਨ ਨੇ ਸੋਚਿਆ ਹੋਇਗਾ ਕਿ ਜੇ ਸਿੰਘਾਂ ਦੇ ਆਪ ਪੇਸ਼ ਹੋਣ ਦੀ ਗੱਲ ਸਿੱਧ ਹੋਇਗੀ ਤਾਂ ਬਹਾਦਰੀ ਦੇ ਇਨਾਮ ਤਾਂ ਕੋਈ ਵੀ ਨਹੀਂ ਲੈ ਸਕੇਗਾ। ਇਸ ਮੰਤਵ ਲਈ ਹੀ ਗ੍ਰਿਫਤਾਰ ਕੀਤੇ ਜਾਣ ਦੀ ਗੱਲ ਘੜੀ ਗਈ ਜਾਪਦੀ ਹੈ। ਸਚੀ ਗੱਲ ਬਿਆਨ ਕਰਨ ਲਗਿਆਂ, ਭਾਵੇਂ ਸੌ ਬੰਦਾ ਬਿਆਨ ਕਰਨ ਵਾਲਾ ਹੋਵੇ, ਮਾਮੂਲੀ ਫਰਕ ਪੈ ਸਕਦਾ ਹੈ ਪਰ ਇੰਨਾਂ ਨਹੀਂ ਜਿੰਨਾਂ ਇਸ ਘਟਨਾਂ ਸਬੰਧੀ ਲਿਖੇ ਬਿਆਨਾਂ ਵਿਚ ਹੈ। ਪਹਿਲਾਂ ਤਾਂ ਇਹੋ ਰੌਲਾ ਹੈ ਕਿ ਗ੍ਰਿਫਤਾਰ ਕਿਸ ਨੇ ਕੀਤੇ ? ਲੁਧਿਆਣੇ ਦਾ ਸਿਵਲ ਸਰਜਨ ਆਪਣੀ ੧੮ ਜਨਵਰੀ ਦੀ ਰਿਪੋਰਟ ਵਿਚ ਕਹਿੰਦਾ ਹੈ ਕਿ ਤਸੀਲਦਾਰ ਸ਼ੇਰਪੁਰ ਨੇ ਕੀਤੇ। ਅੰਗਰੇਜ਼ੀ ਦਾ ਅਖਬਾਰ ਇੰਗਲਿਸ਼ਮੈਨ ਵੀ ਤਸੀਲਦਾਰ ਨੂੰ ਹੀ ਖਬਰ ਪੁਚਾਈ ਲਿਖਦਾ ਹੈ ਪਰ ਬਾਕੀ ਦੀਆਂ ਰਿਪੋਰਟਾਂ ਨਾਇਬ ਨਾਜ਼ਿਮ ਨਿਆਜ਼ ਅਲੀ ਦਾ ਨਾ ਪੇਸ਼ ਕਰਦੀਆਂ ਹਨ।

ਗ੍ਰਿਫਤਾਰੀ ਕਰਨ ਵਾਲੀ ਘਟਨਾ ਕਿਹੜੀ ਦਿਲਚਸਪੀ ਤੋਂ ਖਾਲੀ ਹੈ ? ਆਪਣੇ ਬਿਆਨਾਂ ਵਿਚ ਰਾਮਨਗਰ, ਇਲਾਕਾ ਪਟਿਆਲਾ ਦਾ ਨੰਬਰਦਾਰ ਪੰਜਾਬ ਸਿੰਘ ਕਾਵਨ ਨੂੰ ੧੮ ਜਨਵਰੀ ਨੂੰ ਦਸਦਾ ਹੈ ਕਿ ਉਹਨਾਂ ਸ਼ੇਰਪੁਰ ਜਾਕੇ ਨਿਆਜ਼ ਅਲੀ ਨੂੰ ਖਬਰ ਦਿਤੀ। ਫਿਰ ਸਾਰੇ ਕੂਕਿਆਂ ਨੂੰ ਗ੍ਰਿਫਤਾਰ ਕਰਵਾਕੇ ਨਿਆਜ਼ ਅਲੀ ਆਪਣੇ ਥਾਂ ਡਟਿਆ ਹੋਇਆ ਹੈ। ਉਹ ਕਹਿੰਦਾ ਹੈ ਕਿ ਉਸਦੇ ਨਾਲ ਤਿੰਨ ਸਵਾਰ ਤੇ ਇਕ ਮੁਨਸ਼ੀ ਸੀ ਜਦੋਂ ਉਹਨੇ ੬੮ ਬਾਗੀ ਗ੍ਰਿਫਤਾਰ ਕੀਤੇ। ਇਕ ਦੋ ਥਾਈਂ ਇਹ ਵੀ (ਸ਼ਾਇਦ ਅਣਜਾਣ ਪੁਣੇ ਵਿਚ) ਬਾਗੀਆਂ ਦੇ ਆਪ ਪੇਸ਼ ਹੋਣ ਦੀ ਗੱਲ ਕਰਦਾ ਹੈ। ਪਰ ਇਹ ਨਿਆਜ਼ ਅਲੀ ਇਤਲਾਹ ਦੇਣ ਵਾਲੇ ਕਿਸੇ ਲੰਬੜ ਜਾਂ ਦਰਬਾਰੀ ਦਾ ਜ਼ਿਕਰ ਹੀ ਨਹੀਂ ਕਰਦਾ ਹਾਲਾਂ ਕਿ ਦਰਬਾਰੀ ਤਾਂ ਉਨ੍ਹੀ ਦਿਨੀ ਵਿਸ਼ੇਸ਼ ਮਹੱਤਵ ਪੂਰਨ ਸਮਝੇ ਜਾਂਦੇ ਹੋਣਗੇ। ਨਿਆਜ਼ ਅਲੀ ਕਹਿੰਦਾ ਹੈ ਕਿ ਰੜ ਪਿੰਡ ਦੇ ਇਕ ਜੱਟ ਨੇ ਉਹਨੂੰ ਸ਼ੇਰਪੁਰ ਜਾ ਕੇ ਬਾਗੀਆਂ ਦੀ ਖਬਰ ਦਿਤੀ। ਹੁਣ ਕਾਵਨ ਨੂੰ ਨਿਆਜ਼ ਅਲੀ ਦੇ ਬਿਆਨਾਂ ਤੇ ਵੀ ਸ਼ੱਕ ਪੈਂਦਾ ਹੈ। ਉਹ ਆਪਣੀ ੧੭ ਫਰਵਰੀ ਦੀ ਫੋਰਸਿਥ ਨੂੰ ਲਿਖੀ ਚਿਠੀ ਵਿਚ, ਕਹਿੰਦਾ ਹੈ ਕਿ ਨਿਆਜ਼ ਅਲੀ ਨੇ ਕੁਛ ਆਦਮੀਆਂ ਨੂੰ ਨਾਲ ਲੈ ਕੇ ਬਾਗੀ ਗ੍ਰਿਫਤਾਰ ਕੀਤੇ ਸਨ।/'ਕੁਛ ਆਦਮੀ' ਉਸ ਅਨੁਸਾਰ ਸਨ ਰੜ ਦੇ ਲੋਕ (ਜੋ ਸਰਕਾਰੀ ਇਤਲਾਹ ਅਨੁਸਾਰ ਪਿੰਡ ਛਡਕੇ ਹੀ ਭਜੇ ਹੋਏ ਸਨ), ਕੁਛ ਘੋੜ ਸਵਾਰ ਤੇ ਤਿੰਨ ਰਸਾਲੇ। ਲੰਡਨ ਵਿਚ ਹਿੰਦ ਦੀ ਕੌਂਸਲ ਦੇ ਦੀਵਾਨੀ ਵਿਭਾਗ ਦੇ ਸਕੱਤਰ ਐਂਡਰਸਨ ਨੇ ਲਿਖਿਆ ਸੀ, "ਨਿਆਜ਼ ਅਲੀ ਕਹਿੰਦਾ ਹੈ ਕਿ ਉਸਦੇ ਨਾਲ ਸਿਰਫ ਤਿੰਨ ਸਵਾਰ ਤੇ ਇਕ ਮੁਨਸ਼ੀ ਸੀ। ਇਹ ਸੰਭਵ ਹੈ ਕਿ ਰੜ ਦੇ ਪੇਂਡੂ ਵੀ ਉਸਦੇ ਨਾਲ ਹੋਣ ਪਰ ਇਹ ਗੱਲ ਤਾਂ ਸਪਸ਼ਟ ਹੈ ਕਿ ਕੂਕੇ ਚੰਗੀ ਵਡੀ ਤਾਕਤ ਦੇ ਸਾਹਮਣੇ ਹੀ ਆਪ ਪੇਸ਼ ਹੋਏ।"

ਇਥੇ ਸੋਚਣ ਵਾਲੀ ਇਹ ਗੱਲ ਹੈ ਕਿ ਜਿਨ੍ਹਾਂ ਕੂਕਿਆਂ ਨੇ ਸਾਰਾ ਮਲੇਰ ਕੋਟਲਾ ਘੇਰੇ ਵਿਚ ਲਿਆ ਹੋਇਆ ਸੀ, ਜਿਨ੍ਹਾਂ ਨੇ ਮਲੇਰ ਕੋਟਲੇ ਦੇ 'ਬਹਾਦਰ' ਮਾਰੇ ਤੇ ਜ਼ਖਮੀ ਕੀਤੇ ਸਨ, ਜਿਨ੍ਹਾਂ ਨੂੰ ਮੌਤ ਦਾ ਕੋਈ ਫਿਕਰ ਨਹੀਂ ਸੀ। ਉਨ੍ਹਾਂ ੬੮ ਬਾਗੀਆਂ ਤੋਂ ਨਿਆਜ਼ ਅਲੀ ਹੋਰੀਂ ਪੰਜ ਜਣੇ ਬਹੁਤੇ ਤਾਕਤਵਰ ਸਨ ? ਸਿੰਘ ਆਪਣੇ ਆਪ ਵੀ ਇੰਨੀ ਵਡੀ ਗਿਣਤੀ ਵਿਚ ਥਾਣੇ ਗਏ ਹੋਣਗੇ ਤਾਂ ਨਿਆਜ਼ ਅਲੀ ਨੂੰ ਵਖਤ ਬਣ ਗਿਆ ਹੋਣਾ ਹੈ। ਪਰ ਇਸ ਪੇਸ਼ ਹੋਣ ਦੀ, ਘਟਨਾ ਦਾ ਜ਼ਿਕਰ ਇਕ ਬਜ਼ੁਰਗ ਲੇਖਕ ਇਸ ਤਰ੍ਹਾਂ ਕਰਦਾ ਹੈ, "ਸਾਡੇ ਪਿੰਡ ਬਗਲੀ ਦੇ ਰਾਮ ਸਹਾਈ ਤੇ ਸਮੁੰਦ ਸਿੰਘ ਜੋ ਉਸ ਵਕਤ ਰੜ ਪਿੰਡ ਗਏ ਹੋਏ ਥੇ, ਉਹ ਅਖੀਂ ਦੇਖਿਆ ਹਾਲ ਦਸਦੇ ਸਨ ਕਿ ਜਥਾ ਸਲਾਹ ਕਰਦਾ ਥਾ ਕਿ ਜਲਦੀ ਸਰਕਾਰ ਪਾਸ ਚਲੋ ਤੇ ਸ਼ਹੀਦੀ ਪ੍ਰਾਪਤ ਕਰੋ।... ਏਸ ਸ਼ਹੀਦੀ ਜਥੇ ਨੇ ਰੜ ਪਿੰਡ ਆਕੇ ਕੂਕਾਂ ਮਾਰ ਮਾਰ ਕੇ ਆਖਿਆ ਅਸੀਂ ਮਰਨਾ ਚਾਹੁੰਦੇ ਹਾਂ, ਸਾਨੂੰ ਕੋਈ ਸਜਣ ਸਰਕਾਰ ਪਾਸ ਲੈ ਚਲੋ...।" ਸਰਦਾਰ ਨਾਹਰ ਸਿਘ ਐਮ. ਏ. ਦੇ ਸ਼ਬਦਾਂ ਵਿਚ "ਰੜ ਪਿੰਡ ਵਿਚ ਥੋੜਾ ਸਸਤਾ ਕੇ ਅਤੇ ਪਰਸ਼ਾਦ ਛਕ ਕੇ ਜਥਾ ਨਾਲ ਦੇ ਥਾਨੇ ਸ਼ੇਰਪਰ ਵਲ ਨੂੰ ਚਲ ਪਿਆ। ਆਪਣੇ ਆਪ ਗਰਿਫਤਾਰ ਹੋਵਣ ਦੀ ਅਣਹੋਣੀ ਜਿਹੀ ਗੱਲ ਨੂੰ ਸੁਣ ਕੇ ਪਿੰਡ ਰੜ ਦੇ ਜੈਮਲ ਸਿੰਘ, ਉਤਮ ਸਿੰਘ ਅਤੇ ਹੋਰ ਕਈ ਬੰਦੇ ਅਤੇ ਰਾਮਨਗਰ ਦਾ ਲੰਬੜਦਾਰ ਪੰਜਾਬ ਸਿੰਘ ਭੀ ਜਥੇ ਦੇ ਨਾਲ ਹੀ ਤੁਰ ਪਏ। ਜਥੇ ਵਾਲੇ ਸਤਿ ਸ੍ਰੀ ਅਕਾਲ ਗਜਾਂਦੇ ਅਤੇ ਸ਼ਬਦ ਪੜ੍ਹਦੇ ਰਵਾਂ ਰਵੀਂ ਰਾਤ ਵੇਲੇ ਸ਼ੇਰਪੁਰ ਪਹੁੰਚ ਗਏ। ਠਾਣੇਦਾਰ ਨੂੰ ਸਾਰਾ ਬਿਰਤਾਂਤ ਸੁਣਾ ਕੇ ਅਤੇ ਇਕਬਾਲੀ ਬਿਆਨ ਦੇ ਕੇ ਸਿੰਘਾਂ ਨੇ

Sri Satguru Jagjit Singh Ji Elibrary NamdhariElibrary@gmail.com

ਆਪਣੇ ਆਪ ਨੂੰ ਗਰਿਫਤਾਰੀ ਲਈ ਪੇਸ਼ ਕਰ ਦਿਤਾ।" ੧੭ ਜਨਵਰੀ ਦੀ ਚਿਠੀ ਵਿਚ ਫੋਰਸਿਥ ਵੀ ਮੰਨਦਾ ਹੈ ਕਿ ਇਹ ਮਲੇਰ ਕੋਟਲੇ ਤੋਂ ਸ਼ੇਰਪੁਰ ਆਕੇ ਗ੍ਰਿਫਤਾਰ ਹੋਏ ਸਨ।

ਇਸ ਲੜਾਈ ਵਿਚ ਕੂਕਿਆਂ ਦਾ ਪੱਲਾ ਭਾਰੀ ਤਾਂ ਸੀ ਹੀ ਪਰ ਜ਼ਖ਼ਮੀ ਹੋਣਾ ਤਾਂ ਕੁਦਰਤੀ ਗੱਲ ਸੀ। ਇਨ੍ਹਾਂ ਜ਼ਖਮੀਆਂ ਦੀ ਗਿਣਤੀ ਦਾ ਵੀ ਅੰਤ ਤੱਕ ਰੌਲਾ ਹੀ ਰਿਹਾ। ੧੭ ਜਨਵਰੀ ਦੀ ਫੋਰਸਿਥ ਨੂੰ ਲਿਖੀ ਚਿਠੀ ਵਿਚ ਕਾਵਨ ਜ਼ਖਮੀਆਂ ਦੀ ਗਿਣਤੀ ੨੨ ਦਸਦਾ ਹੈ, ਨਿਆਜ਼ ਅਲੀ ਦੇ ਹਿਸਾਬ ੨੯ ਬਣਦੇ ਹਨ, ਪੰਜਾਬ ਸਿੰਘ ਦੀ ਗਵਾਹੀ ਵਿਚ ੨੦-੨੫ ਦਸੇ ਗਏ ਹਨ ਤੇ ਪੁਲਸ ਕਪਤਾਨ ਕਰਨਲ ਪਰਕਿਨਜ਼ ੨੭ ਲਿਖਦਾ ਹੈ। 'ਇੰਗਲਿਸ਼ ਮੈਨ' ਦੀ ਗਿਣਤੀ ਸਭ ਤੋਂ ਵਧ ਹੈ। ਉਹ ਲਿਖਦਾ ਹੈ ਕਿ ਸਾਰੇ ਬਾਗ਼ੀ ੭੦ ਸਨ ਜਿਨ੍ਹਾਂ ਵਿਚੋਂ ਅਧੇ ਜ਼ਖਮੀ ਸਨ।

ਕੋਟਲੇ ਹਮਲਾ ਹੋ ਚੁਕਾ ਸੀ, ਸਿੰਘ ਸ਼ੇਰਪੁਰ ਜਾ ਕੇ ਗ੍ਰਿਫਤਾਰ ਹੋ ਚੁਕੇ ਸਨ। ਕਾਵਨ ੧੬ ਜਨਵਰੀ ਨੂੰ ਕੋਟਲੇ ਪੁਜ ਕੇ ਅੰਬਾਲੇ ਕਮਿਸ਼ਨਰ ਨੂੰ ਤਾਰ ਭੇਜਦਾ ਹੈ ਫੌਜਾਂ ਮੰਗਵਾ-ਉਣ ਲਈ। ਇਸੇ ਦਿਨ ਦੀ ਤਾਰ ਰਾਹੀਂ ਹੀ ਉਹ ਦਿਲੀ ਖਬਰ ਦਿੰਦਾ ਹੈ ਕਿ ਫੌਜਾਂ ਨਾਭੇ ਤੋਂ ਮੰਗਵਾ ਲਈਆਂ ਹਨ ਇਸ ਲਈ ਦਿੱਲੀ ਵਲੋਂ ਕੋਈ ਫੌਜ ਨਾ ਭੇਜੀ ਜਾਵੇ। ਇਥੇ ਪਟਿਆਲਾ ਜਾਂ ਜੀਂਦ ਦਾ ਕੋਈ ਜ਼ਿਕਰ ਨਹੀਂ। ਇਹੋ ਤਾਰ ਅਗੇ ਲੈਫਟੀਨੈਂਟ ਗਵਰਨਰ ਨੇ ਵਾਇਸਰਾਇ ਵਲ ਭੇਜ ਦਿੱਤੀ।

ਕਾਵਨ ਨੇ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦਾ ਮਨ ਪਹਿਲਾਂ ਹੀ ਬਣਾਇਆ ਹੋਇਆ ਸੀ। ਮੁਕਦਮੇ ਚਲਾ ਕੇ ਇਉਂ ਵੀ ਕਰ ਲੈਂਦਾ ਤਾਂ ਸ਼ਾਇਦ ਕੁਛ ਸੱਚਾ ਹੋ ਜਾਂਦਾ ਪਰ ਕਾਹਲੀ ਦਾ ਭੂਤ ਉਸ ਦੇ ਮਨ ਤੇ ਅਜਿਹਾ ਸਵਾਰ ਹੋਇਆ ਕਿ ਪਹਿਲਾਂ ਉਹਨੇ ਅੰਬਾਲੇ ਤੋਂ ਫੌਜਾਂ ਮੰਗੀਆਂ। ਫਿਰ ਛੇਤੀ ਹੀ ਉਸਨੂੰ ਰਿਆਸਤੀ ਰਾਜਿਆਂ ਦੀ ਵਫਾਦਾਰੀ ਯਾਦ ਆ ਗਈ। ਇਕ ਦਮ ਹੀ ਸੁਨੇਹੇ ਭੇਜ ਦਿਤੇ ਅਤੇ ਉਸ ਦੀ ੧੭ ਜਨਵਰੀ ਦੀ ਚਿਠੀ ਅਨੁਸਾਰ ਇਕ ਇਕ ਘੰਟੇ ਦੇ ਸਮੇਂ ਦੇ ਵਿਚ ਵਿਚ ਹੀ ਰਿਆਸਤੀ ਫੌਜਾਂ ਕੋਟਲੇ ਪੁਜ ਗਈਆਂ। ਇਸ ਜਥੇ ਨਾਲ ਦੋ ਮਾਈਆਂ ਇੰਦ ਕੌਰ ਤੇ ਖੇਮ ਕੌਰ ਸਨ ਜੋ ਪਟਿਆਲੀਆਂ ਦੇ ਹਵਾਲੇ ਕੀਤੀਆਂ ਗਈਆਂ। ਕਾਵਨ ਕਹਿੰਦਾ ਹੈ ਕਿ ਪਟਿਆਲਾ ਹਲਕੇ ਵਿਚੋਂ ਹੋਣ ਕਾਰਨ ਉਨ੍ਹਾਂ ਦੇ ਹਵਾਲੇ ਕੀਤੀਆਂ ਸਨ ਪਰ ਹੀਰਾ ਸਿੰਘ ਤੇ ਲਹਿਣਾ ਸਿੰਘ ਹੋਰੀਂ ਵੀ ਤਾਂ ਪਟਿਆਲੇ ਦੇ ਹਲਕੇ ਵਿਚੋਂ ਹੀ ਉਡਾ ਦਿਤੇ ?

ਉਨ੍ਹੀਂ ਦਿਨੀਂ ਦਿੱਲੀ ਵਿਚ ਫੌਜੀ ਕੈਂਪ ਲੱਗਾ ਹੋਇਆ ਸੀ। ਕਮਾਂਡਰ ਇਨ ਚੀਫ ਲੈਫਟੀਨੈਂਟ ਗਵਰਨਰ, ਮਹਾਰਾਜਾ ਪਟਿਆਲਾ ਤੇ ਫਰੋਸਿਥ ਦਿਲੀ ਹੀ ਸਨ। ਕਾਵਨ ਦੀ ਤਾਰ ਮਿਲਣ ਤੇ ਲੈ. ਗਵਰਨਰ. ਨੇ ਫੋਰਸਿਥ ਨੂੰ ਲੁਧਿਆਣੇ ਪੁਜ ਕੇ ਹਾਲਤ ਦਾ ਜਾਇਜ਼ਾ ਲੈਣ ਦਾ ਹੁਕਮ ਦਿਤਾ। ਫੋਰਸਿਥ ਨੇ ਲੁਧਿਆਣੇ ਆਉਂਦਿਆਂ ਹੀ ਇਹ ਸੁਣਿਆ ਕਿ ਬਾਗੀ ਸ਼ੇਰਪੁਰੇ ਪੇਸ਼ ਹੋ ਗਏ ਹਨ ਜਿਨ੍ਹਾਂ ਨੂੰ ਕਾਵਨ ਤੋਪਾਂ ਨਾਲ ਉਡਾਉਣਾ ਚਾਹੁੰਦਾ ਹੈ। ਕਾਵਨ ਨੇ ੧੬ ਜਨਵਰੀ ਸ਼ਾਮ ਦੇ ੭-੩੦ ਵਜੇ ਇਕ ਚਿਠੀ ਲਿਖੀ ਫੋਰਸਿਥ ਨੂੰ ਲੁਧਿਆਣੇ ਜਿਸ ਵਿਚ ਉਹਨੇ ਲਿਖਿਆ ਸੀ ਕਿ ਕੂਕੇ ਸ਼ੇਰਪੁਰ 'ਗ੍ਰਿਫਤਾਰ' ਹਨ ਜਿਨ੍ਹਾਂ ਨੂੰ ਉਹ ੧੭ ਜਨਵਰੀ ਦਿਨ ਚੜਦੇ ਸਾਰ ਹੀ ਤੋਪਾਂ ਨਾਲ ਉਡਾ ਦੇਣਾ ਚਾਹੁੰਦਾ ਹੈ। ਫੋਰਸਿਥ ਨੇ ਉਸ ਨੂੰ ਇਕ ਅਰਧ ਸਰਕਾਰੀ ਖਤ ਲਿਖਿਆ ਜਿਸ ਵਿਚ ਕੈਦੀਆਂ ਨੂੰ ਸ਼ੇਰਪੁਰ ਹੀ ਰਖਣ ਲਈ ਕਿਹਾ ਗਿਆ ਸੀ — ਜਦ ਤਕ ਉਨ੍ਹਾਂ ਨੂੰ ਲਿਆਉਣ ਲਈ ਲੁਧਿਆਣੇ ਤੋਂ ਗਾਰਦ ਨਾ ਪੁਜੇ। ਲੁਧਿਆਣੇ ਲਿਆ ਕੇ ਮੁਕੱਦਮਾ ਚਲਾਉਣ ਦਾ ਜ਼ਿਕਰ, ਫੋਰਸਿਥ ਅਨੁਸਾਰ, ਇਸ ਚਿਠੀ ਵਿਚ ਸੀ ਪਰ ਕਾਵਨ ਅਨੁ-ਸਾਰ ਨਹੀਂ। ਇਹ ਚਿਠੀ ਵੀ ਕਿਸੇ ਅਫਸਰ ਦੇ ਪੇਸ਼ ਨਹੀਂ ਕੀਤੀ ਗਈ। ਗੁਆਚ ਜਾਣ ਦਾ ਬਹਾਨਾ ਕਾਵਨ ਨੇ ਘੜ ਲਿਆ।

ਮਲੌਦ ਵਿਚਲੇ ਫੜੇ ਹੋਏ ਬਾਗੀਆਂ ਨੂੰ ਫਾਂਸੀ ਦੇਣ ਦੀ ਪ੍ਰਵਾਨਗੀ ਵਾਸਤੇ ਕਾਵਨ ਦੀ ਤਾਰ ਲੁਧਿਆਣੇ ੧੭ ਜਨਵਰੀ ਸਵੇਰੇ ਪੰਜ ਵਜ ਕੇ ਦੋ ਮਿੰਟ ਤੇ ਪੁਜਦੀ ਹੈ, ਪੰਜ ਵਜ ਕੇ ੪੮ ਮਿੰਟ ਤੇ, ਸ਼ੇਰਪੁਰ ਵਾਲੇ ੬੮ ਦੀ ਗ੍ਰਿਫਤਾਰੀ ਬਾਰੇ ਤੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਮੁਕਦਮੇ ਚਲਾ ਕੇ ਦੋਸ਼ੀ ਸਿਧ ਕਰਨ ਤੇ ਫਿਰ ਸਜ਼ਾਵਾਂ ਦੇਣ ਦਾ ਯੋਗ ਤਰੀਕਾ ਅਖਤਿਆਰ ਕਰਨ ਬਾਰੇ, ਫੋਰਸਿਥ ਦਿੱਲੀ ਨੂੰ ਤਾਰ ਦਿੰਦਾ ਹੈ। ਉਸਨੇ ਇਸ ਤਾਰ ਵਿਚ ਇਹ ਵੀ ਲਿਖਿਆ ਸੀ ਕਿ ਜੇ ਕੋਈ ਉਚੇਚਾ ਢੰਗ ਵਰਤਿਆ ਗਿਆ ਤਾਂ ਭੜਕਾਹਟ ਘਟ ਹੋਣ ਦੀ ਥਾਂ ਵਧੇਗੀ।

Sri Satguru Jagjit Singh Ji Elibrary NamdhariElibrary@gmail.com

ਇਸ ਤਾਰ ਦਾ ਉੱਤਰ ਫੋਰਸਿਥ ਨੇ ਉਡੀਕਿਆ ਤਾਂ ਸਹੀ ਪਰ ਉਤਰ ਦੁਪਹਿਰ ਤਕ ਕੋਈ ਨਾ ਆਇਆ ਕਿਉਂਕਿ ਉਸ ਦੀ ਇਹ ਤਾਰ ਪੰਜ ਘੰਟੇ ਲੁਧਿਆਣੇ ਦੇ ਤਾਰ ਘਰ ਵਿਚ ਹੀ ਪਈ ਰਹੀ। ਹਾਰਕੇ ਦੁਪਹਿਰ ਨੂੰ ਕਾਵਨ ਨੇ ਇਕ ਚਿਠੀ ਹੋਰ ਲਿਖੀ ਜਿਸ ਵਿਚ ਲਿਖਿਆ ਸੀ ਕਿ ਅਜਿਹੇ ਬਾਗੀ ਕੈਦੀਆਂ ਵਿਰੁਧ ਉਹ ਮੁਕਦਮੇ ਤਿਆਰ ਕਰੇ ਜੋ ਮੌਤ ਦੀ ਸਜਾ ਦੇ ਹਕਦਾਰ ਸਮਝੇ ਜਾਣ। ਉਹਨੇ ਇਹ ਵੀ ਸਪਸ਼ਟ ਕੀਤਾ ਸੀ ਕਿ "ਕਾਹਲੀ ਕਰਨ ਵਾਲੀ ਤੁਹਾਡੀ ਇਛਿਆ ਦੇ ਸਬੰਧ ਵਿਚ ਇਹੋ ਉਤਰ ਹੈ ਕਿ ਵਰਤਮਾਨ ਸਥਿਤੀ ਇੰਨੀ ਜ਼ਰੂਰੀ ਸਿੱਧ ਕਰਨ ਲਈ ਕਾਫੀ ਨਹੀਂ ਕਿ ਕਾਨੂੰਨ ਨੂੰ ਹਥੋਂ ਛਡਿਆ ਜਾਵੇ। ਮੈਂ ਕੋਟਲੇ ਨੂੰ ਆ ਰਿਹਾ ਹਾਂ। ਇਸ ਤੋਂ ਕੁਛ ਚਿਰ ਪਿਛੋਂ ਹੀ ਫੋਰਸਿਥ ਨੇ ਇਕ ਹੋਰ ਅਰਧ ਸਰਕਾਰੀ ਪਤਰ ਕਾਵਨ ਨੂੰ ਲਿਖਿਆ ਜਿਸ ਵਿਚ ਉਸਨੂੰ ਕਾਹਲੀ ਕਰਨ ਤੋਂ ਰੋਕਦਿਆਂ ਕਿਹਾ ਸੀ ਕਿ ੧੨ ਘੰਟੇ ਦੀ ਦੇਰੀ ਕੁਛ ਹਾਨੀ ਨਹੀਂ ਪੁਚਾਇਗੀ।

ਫੋਰਸਿਥ ਕਹਿੰਦਾ ਹੈ ਕਿ ਉਸਨੇ ਆਪਣੀ ਪਹਿਲੀ ਚਿਠੀ ਵਿਚ ਕੈਦੀਆਂ ਤੇ ਮੁਕਦਮਾ ਚਲਾਉਣ ਦਾ ਜ਼ਿਕਰ ਕੀਤਾ ਸੀ ਪਰ ਕਾਵਨ ਕਹਿੰਦਾ ਹੈ ਉਸ ਵਿਚ ਇਹ ਸ਼ਬਦ ਹੈ ਨਹੀਂ ਸਨ। ਇਹ ਚਿਠੀ ਕਾਵਨ ਨੂੰ ਨਿਸਚੇ ਹੀ ਕੈਦੀਆਂ ਦੇ ਮਲੇਰ ਕੋਟਲੇ ਪੁਜਣ ਤੋਂ ਪਹਿਲਾਂ ਮਿਲ ਗਈ ਸੀ ਪਰ ਕਾਵਨ ਨੇ ਇਹ ਕਹਿਕੇ ਜੇਬ ਵਿਚ ਪਾ ਲਈ ਕਿ ਹੁਣ ਇਸ ਤੇ ਅਮਲ ਕਰਨਾ ਸੰਭਵ ਨਹੀਂ ਕਿਉਂਕਿ ਕੈਦੀ ਕੋਟਲੇ ਪੁਜਣ ਵਾਲੇ ਹਨ। ਫੋਰਸਿਥ ਦੀ ਪਹਿਲੀ ਚਿਠੀ ਕਾਵਨ ਨੂੰ ਲਗ ਪਗ ਦੁਪਹਿਰੇ ਮਿਲਦੀ ਹੈ ਤੇ ਲਗਪਗ ੧੨ ਵਜੇ ਹੀ ਕਰਨਲ ਪਰਕਿਨਜ਼ ਨੂੰ (ਉਸ ਦੀ ਡਾਇਰੀ ਅਨੁਸਾਰ) ਕੈਦੀਆਂ ਨੂੰ ਲਿਆਉਣ ਲਈ ਕੋਟਲੇ ਤੋਂ ਰਵਾਨਾ ਕੀਤਾ ਜਾਂਦਾ ਹੈ। ਇਹ ਬਿਲਕੁਲ ਸੰਭਵ ਹੈ ਕਿ ਕਾਵਨ ਨੇ ਫੋਰਸਿਥ ਦੇ ਆਉਣ ਤੋਂ ਪਹਿਲਾਂ ਪਹਿਲਾਂ ਕੂਕਿਆਂ ਨੂੰ ਤੋਪਾਂ ਨਾਲ ਉਡਾ ਦੇਣ ਦੇ ਆਪਣੇ ਮੰਤਵ ਦੀ ਪੂਰਤੀ ਵਾਸਤੇ ਹੀ ਕਾਹਲੀ ਦੇ ਉਪਰ ਹੋਰ ਕਾਹਲੀ ਵਰਤ ਕੇ ਪਰਕਿਨਜ਼ ਨੂੰ ਭੇਜਿਆ ਹੋਵੇ।

ਫੋਰਸਿਥ ਦੀ ਦੂਜੀ ਚਿਠੀ, ਕਾਵਨ ਨੂੰ ਉਦੋਂ ਮਿਲੀ ਜਦੋਂ ਕੂਕੇ ਉਡਾਏ ਜਾ ਰਹੇ ਸਨ। ਇਹ ਚਿਠੀ ਪੜ੍ਹ ਕੇ ਕਾਵਨ ਨੇ ਕਰਨਲ ਪਰਕਿਨਜ਼ ਨੂੰ ਦੇ ਦਿਤੀ ਤੇ ਕਿਹਾ ਕਿ ਹੁਣ ਇਸ ਤੇ ਅਮਲ ਕਰਨਾ ਸੰਭਵ ਨਹੀਂ, "ਹੁਣ ਤੋਪਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ" ਕਿਉਂਕਿ ਆਦਮੀ ਤੋਪਾਂ ਨਾਲ ਬੰਨ੍ਹੇ ਜਾ ਚੁਕੇ ਹਨ। ਇਹ ਆਖਰੀ ਦਸਤਾ ਸੀ ਭਾਵ ਇਸ ਤੋਂ ਪਹਿਲਾਂ ੪੩ ਸਿੰਘ ਉਡਾਏ ਚੁਕੇ ਸਨ ਤੇ ਚਿਠੀ ਮਿਲਣ ਤੋਂ ਪਿਛੋਂ ਇਹ ੬ ਜਾਂ ੭ ਵੀ ਉਡਾ ਦਿਤੇ ਗਏ। ਕਾਵਨ ਨੂੰ ਮੌਤ ਦੀ ਸਜਾ ਦੇਣ ਦਾ ਅਧਿਕਾਰ ਪ੍ਰਾਪਤ ਨਹੀਂ ਸੀ ਜਦ ਕਿ ਕਮਿਸ਼ਨਰ ਨੂੰ ਸੀ। ਪਰ ਕਾਵਨ ਨੇ, ਇਹ ਪਤਾ ਹੁੰਦਿਆਂ ਵੀ ਕਿ ਅਧਿਕਾਰ ਪ੍ਰਾਪਤ ਅਫਸਰ ਨੇੜੇ ਹੀ ਸੀ ਤੇ ਉਹ ਛੇਤੀ ਹੀ ਕੋਟਲੇ ਵੀ ਆ ਰਿਹਾ ਸੀ, ਫਿਰ ਉਸ ਦੇ ਮਨ੍ਹਾਂ ਕਰਨ ਦੇ ਬਾਵਜੂਦ ਕਾਨੂੰਨ ਆਪਣੇ ਹਥ ਲੈ ਕੇ ਇਹ ਮੌਤ ਦੀਆਂ ਸਜ਼ਾਵਾਂ ਦਿਤੀਆਂ। ਕਾਵਨ ਤਾਂ ਮੰਨਦਾ ਹੈ ਕਿ ਉਸਨੇ ਚਿਠੀ ਆਉਣ ਪਿਛੋਂ ਆਖਰੀ ਦਸਤਾ ਤੋਪਾਂ ਨਾਲ ਉਡਾਇਆ ਪਰ ਫੋਰਸਿਥ ਕਹਿੰਦਾ ਹੈ ਕਿ ਕਾਵਨ ਨੇ ਉਸ ਦੀ ਚਿਠੀ ਮਿਲਣ ਤੇ ਤੋਪਾਂ ਇਕਦਮ ਬੰਦ ਕਰ ਦਿਤੀਆਂ ਸਨ।

ਬਾਕੀ ਬਾਗੀ ਸਨ ੧੬ ਜਿੰਨਾਂ ਬਾਰੇ ਪਰਕਿਨਜ਼ ਲਿਖਦਾ ਹੈ ਕਿ ਕਾਵਨ ਨੇ ਪਹਿਲਾਂ ਹੀ ਸੋਚਿਆ ਹੋਇਆ ਸੀ ਕਿ ਇਨ੍ਹਾਂ ਤੇ ਮੁਕਦਮਾ ਚਲਾ ਕੇ ਮਲੋਦ ਜਾ ਕੇ ਫਾਂਸੀ ਦਿਤੇ ਜਾਣਗੇ ਪਰ ਕਾਵਨ ਆਪਣੀ ੧੭ ਜਨਵਰੀ ਦੀ ਚਿਠੀ ਵਿਚ ਕਿਤੇ ਵੀ ਮੁਕਦਮਾ ਚਲਾ ਕੇ ਫਾਂਸੀ ਦੇਣ ਦਾ ਜ਼ਿਕਰ ਨਹੀਂ ਕਰਦਾ ਸਗੋਂ ਸਿਧੇ ਫਾਂਸੀ ਦੇਣ ਦਾ ਵਿਚਾਰ ਹੀ ਲਿਖਦਾ ਹੈ।

ਕਾਵਨ ਤੇ ਫੋਰਸਿਥ ਦੀਆਂ ਚਿਠੀਆਂ ਬਾਰੇ ਵੀ ਕਈ ਵਿਰੋਧ ਉਗਮਦੇ ਹਨ। ਉਪਰ ਦਸਿਆ ਜਾ ਚੁਕਾ ਹੈ ਕਿ ਫੋਰਸਿਥ, ਸਰਕਾਰੀ ਲਿਖਤਾਂ ਵਿਚ, ਇਹ ਮੰਨਦਾ ਹੈ ਕਿ ਕਾਵਨ ਨੇ ਉਸ ਦਾ ਹੁਕਮ ਮੰਨ ਕੇ ਤੋਪਾਂ ਇਕ ਦਮ ਬੰਦ ਕਰ ਦਿਤੀਆਂ ਪਰ ਆਪਣੀ ਸਵੈ ਜੀਵਨੀ ਵਿਚ ਉਹ ਕਹਿੰਦਾ ਹੈ ਕਿ ਉਸਨੂੰ ਇਹ ਤਾਂ ਪਤਾ ਲੱਗ ਗਿਆ ਸੀ ਕਿ ਕਾਵਨ ਨੇ ਹੁਕਮ ਅਦੂਲੀ ਕੀਤੀ ਹੈ ਪਰ ਫਿਰ ਵੀ ਕਾਵਨ ਨੂੰ ਇਸ ਨੇ ਇਕ ਚਿਠੀ ਲਿਖਕੇ ਉਸ ਦੀ ਪ੍ਰਸ਼ੰਸਾ ਕੀਤੀ। ਇਸ ਪ੍ਰਸ਼ੰਸਾ ਦੇ ਕਾਰਨਾਂ ਦਾ ਫਿਰ ਪ੍ਰਸਪਰ ਵਿਰੋਧ ਹੈ। ਸਰਕਾਰੀ ਲਿਖਤਾਂ ਵਿਚ ਫੋਰਸਿਥ ਲਿਖਦਾ ਹੈ ਕਿ ਗਵਰਨਰ ਦੀ ਤਾਰ ਤੋਂ ਇਸ ਨੇ ਅੰਦਾਜ਼ਾ ਲਾਇਆ ਕਿ ਸਰਕਾਰ ਕਾਵਨ ਦੀ ਪ੍ਰਸ਼ੰਸਕ ਹੈ ਇਸ ਲਈ ਇਹਨੇ ਵੀ ਪਿਛੇ ਰਹਿਣਾ ਠੀਕ ਨਾ ਸਮਝਿਆ

Sri Satguru Jagjit Singh Ji Elibrary NamdhariElibrary@gmail.com

ਪਰ ਸਵੈ ਜੀਵਨੀ ਵਿਚ ਲਿਖਦਾ ਹੈ ਕਿ ਦੋ ਸਰਕਾਰੀ ਅਫ-ਸਰਾਂ ਦੇ ਪ੍ਰਸਪਰ ਵਿਰੋਧ ਤੋਂ ਭਾਰਤੀ ਜਨਤਾ ਕੋਈ ਅਯੋਗ ਲਾਭ ਨਾ ਉਠਾ ਲਵੇ—ਜਿਸ ਤਰ੍ਹਾਂ ੧੮੫੭ ਵਿਚ ਉਠਾ-ਇਆ ਸੀ—ਇਸ ਲਈ ਕਾਵਨ ਦੀ ਗੈਰਕਾਨੂੰਨੀ ਹਰਕਤ ਦਾ ਭਾਰ ਆਪਣੇ ਮੋਢਿਆਂ ਤੇ ਲੈ ਲਿਆ।

ਦੂਜੇ ਪਾਸੇ, ਇਸ ਥਾਮਸ ਡਗਲਸ ਫੋਰਸਿਥ ਦੇ ਭਰਾ ਵਿਲੀਅਮ ਫੋਰਸਿਥ ਨੇ ਜੋ ਉਦੋਂ ਇੰਗਲੈਂਡ ਵਿਚ ਹੀ ਸੀ—ਫੋਰਸਿਥ ਸਬੰਧੀ ਲੰਡਨ ਟਾਈਮਜ਼ ਵਿਚ ਇਕ ਚਿਠੀ ਲਿਖੀ ਜਿਸ ਵਿਚ ਉਹਨੇ ਕਾਵਨ ਤੇ ਇਹ ਦੋਸ਼ ਲਾਇਆ ਸੀ ਕਿ ਉਸਨੇ ਫੋਰਸਿਥ ਅਨੁਸਾਰ ਕਮਿਸ਼ਨਰ (ਫੋਰਸਿਥ) ਦੀ ਚਿਠੀ ਦੇ ਅਸਲੀ ਸ਼ਬਦ "ਤੁਸੀਂ ਕਾਹਲੀ ਤੇ ਸ਼ਕਤੀ ਤੋਂ ਕੰਮ ਲਿਆ ਹੈ" ਜਦ ਕਿ ਕਾਵਨ ਨੇ ਇਨ੍ਹਾਂ ਦੇ ਥਾਂ ਲਿਖ ਲਿਆ, "ਤੁਸੀਂ ਪ੍ਰਸ਼ੰਸਕ ਢੰਗ ਨਾਲ ਕੰਮ ਕੀਤਾ ਹੈ।" ਇਕ ਗੱਲ ਸਪਸ਼ਟ ਹੈ ਕਿ 'ਇੰਡੀਆ ਆਫਸ ਲੰਡਨ' ਵਿਚ ਇਸ ਰੌਲੇ ਸਬੰਧੀ ਪਏ ਕਾਗਜ਼ਾਂ ਵਿਚ ਵੀ ਬਹੁਤਾ ਝਮੇਲਾ ਇਸੇ ਚਿਠੀ ਦਾ ਪਾਇਆ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਚਿਠੀ, ਬਾਕੀ ਚਿਠੀਆਂ ਨਾਲ, ਸਰਕਾਰ ਨੂੰ ਪੇਸ਼ ਨਹੀਂ ਸੀ ਕੀਤੀ ਗਈ। ਦੋਹਾਂ ਭਰਾਵਾਂ ਦਾ ਵੀ ਇਥੇ ਪ੍ਰਸਪਰ ਵਿਰੋਧ ਪੈਦਾ ਹੋ ਜਾਂਦਾ ਹੈ। ਇਕ ਕਹਿੰਦਾ ਹੈ ਪ੍ਰੋੜਤਾ ਕੀਤੀ ਸੀ ਦੂਜਾ ਕਹਿਦਾ ਚਿਠੀ ਭੰਨ ਤੋੜ ਕੇ ਕਰਵਾਈ ਗਈ ਸੀ।

ਫੋਰਸਿਥ ੧੮ ਜਨਵਰੀ ਨੂੰ ਕੋਟਲੇ ਪੁਜਾ। ਕਾਵਨ ਨੇ ਮਲੇਰਕੋਟਲੇ ਦੇ ਤਹਿਸੀਲਦਾਰ ਤੇ ਨਾਜ਼ਮ ਨੂੰ ਨਾਲ ਲੈ ਕੇ ੧੬ ਦੇ ਬਿਆਨ ਤੇ ਕੁਛ ਗਵਾਹਾਂ ਦੇ ਬਿਆਨ ਲੈ ਕੇ ਰਸਮ ਪੂਰਤੀ ਕਰ ਦਿਤੀ ਅਤੇ ਫੋਰਸਿਥ ਨੇ ਸਾਰੇ ਦੇ ਸਾਰੇ ਫਿਰ ਤੋਪਾਂ ਨਾਲ ਉਡਾ ਦਿਤੇ। ਜਿਹੜਾ ਫੋਰਸਿਥ ਹੁਣ ਤਕ ਕਾਵਨ ਨੂੰ ਇਹ ਤਰੀਕਾ ਅਪਨਾਉਣ ਤੋਂ ਵਰਜਦਾ ਤੇ ਕਹਿੰਦਾ ਰਿਹਾ ਹੈ ਕਿ ਇਸ ਨਾਲ ਸਗੋਂ ਸਫਲਤਾ ਦੇ ਰਸਤੇ ਵਿਚ ਰੋੜਾ ਅਟਕੇਗਾ ਤੇ ਭੜਕਾਹਟ ਵਧੇਗੀ ਉਸੇ ਫੋਰਸਿਥ ਨੇ ਉਹੀ ਤਰੀਕਾ ਅਪਣਾ ਲਿਆ।

ਲੈਫਟੀਨੈਂਟ ਗਵਰਨਰ ਅਨੁਸਾਰ, ਫੋਰਸਿਥ ਦੇ ਸਾਹਮਣੇ ਕਮਾਂਡਰ ਇਨ ਚੀਫ ਨਾਲ ਸਲਾਹ ਕੀਤੀ ਗਈ ਸੀ ਕਿ ਕੂਕਿਆਂ ਨਾਲ ਕਿਵੇਂ ਨਜਿਠਿਆ ਜਾਣਾ ਹੈ, ਇਸ ਲਈ ਇਸਨੂੰ ਸਰਕਾਰ ਵਲੋਂ ਅਪਣਾਏ ਜਾਣ ਵਾਲੇ ਤੌਰ ਤਰੀਕੇ ਦਾ ਪਤਾ ਸੀ ਪਰ ਫੋਰਸਿਥ ਇਸ ਬਾਰੇ ਕੁਛ ਨਹੀਂ ਕਹਿੰਦਾ। ਸਿਰਫ ਇੰਨਾਂ ਕੁ ਜ਼ਿਕਰ ਕਰਦਾ ਹੈ ਕਿ ਸੂਬਿਆਂ ਨੂੰ ਗ੍ਰਿਫ-ਤਾਰ ਤੇ ਜਲਾਵਤਨ ਕਰਨ ਦਾ ਅਧਿਕਾਰ ਇਸਨੂੰ ਦਿਤਾ ਸੀ ਪਰ ਆਪਣੀ ਸਵੈਜੀਵਨੀ ਵਿਚ ਲਿਖਦਾ ਹੈ ਕਿ 'ਮੈਂ ਲੈਫਟੀਨੈਂਟ ਗਵਰਨਰ ਕੋਲੋਂ (ਗੁਰੂ) ਰਾਮ ਸਿੰਘ ਦੀ ਗ੍ਰਿਫਤਾਰੀ ਦੇ ਅਧਿਕਾਰ ਮੰਗੇ ਜੋ ਨਾ ਦਿਤੇ ਗਏ। ਫਿਰ ਮੈਂ ਅਖ਼ਤਿਆਰ ਕੀਤੇ ਜਾਣ ਯੋਗ ਰਸਤੇ ਦੀ ਪੁਛ ਕੀਤੀ ਤਾਂ ਵੀ ਕੋਈ ਯੋਗ ਉਤਰ ਨਾ ਮਿਲਿਆ ਮੇਰੇ ਪੱਲੇ, ਲੈਫਟੀਨੈਂਟ ਗਵਰਨਰ ਕੋਲੋਂ, ਕੁਛ ਨਾ ਪੈਣ ਤੇ ਮੈਂ ਇਹ ਕਹਿਕੇ ਤੁਰ ਆਇਆ ਕਿ ਫਿਰ ਜਿਸ ਤਰ੍ਹਾਂ ਮੈਥੋਂ ਸਰਿਆ ਮੈਂ ਕਰਾਂਗਾ।' ਗਵਰਨਰ ਆਪਣੀ ਕਿਸੇ ਵੀ ਚਿਠੀ ਵਿਚ ਇਸ ਵਾਰਤਾਲਾਪ ਦਾ ਜ਼ਿਕਰ ਨਹੀਂ ਕਰਦਾ।

ਕਾਵਨ ਨੇ ੧੭ ਜੂਨ ਨੂੰ ਉਡਾਏ ਗਏ ਸਿੰਘਾਂ ਦੇ ਆਖਰੀ ਦਸਤੇ ਅਤੇ ਫੋਰਸਿਥ ਦੀ ਚਿਠੀ ਦਾ ਜ਼ਿਕਰ ਕਰ-ਦਿਆਂ ਇਹ ਆਖਿਆ ਹੈ ਕਿ ਉਦੋਂ ਬਾਗੀਆਂ ਦਾ ਆਖਰੀ ਦਸਤਾ ਤੋਪਾਂ ਨਾਲ ਬੰਨਿਆਂ ਜਾ ਰਿਹਾ ਸੀ ਜਾਂ ਜਾ ਚੁਕਾ ਸੀ ਤੇ ਉਨ੍ਹਾਂ ਨੂੰ ਖੋਲਣਾ ਜਾਂ ਫੋਰਸਿਥ ਦੀ ਚਿਠੀ ਤੇ ਅਮਲ ਕਰਨਾ ਅਸੰਭਵ ਸੀ। ਜਿਸ ਤੋਂ ਕਈ ਇਹੋ ਪ੍ਰਸਿਧ ਕਰੀ ਬੈਠੇ ਹਨ ਕਿ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਗਿਆ ਸੀ ਪਰ ਪਹਿਲਾਂ ਦਸੀਆਂ ਗਈਆਂ ਕਈ ਗੱਲਾਂ ਵਾਂਗ ਇਹ ਗੱਲ ਵੀ ਗਲਤ ਹੈ। ਪਹਿਲੀ ਤਾਂ ਗੱਲ ਇਹੋ ਹੈ ਕਿ ਕਾਵਨ ਨੇ ਹੋਰ ਕਿਤੇ ਵੀ ਇਹ ਜ਼ਿਕਰ ਨਹੀਂ ਕੀਤਾ, ਤੇ ਨਾ ਪਰਕਿਨਜ਼ ਨੇ, ਕਿ ਸਿੰਘਾਂ ਨੂੰ ਤੋਪਾਂ ਨਾਲ ਬੰਨ੍ਹਿਆਂ ਜਾਂਦਾ ਸੀ, ਸਿਰਫ ਇਸ ਚਿਠੀ ਦੇ ਸਬੰਧ ਵਿਚ ਹੀ ਇਕ ਵਾਰ ਇਹ ਕਿਹਾ ਗਿਆ ਹੈ। ਦੂਜੇ—ਜੇ ਸਿੰਘ ਤੋਪਾਂ ਨਾਲ ਬੰਨ੍ਹੇ ਹੋਏ ਸਨ ਤਾਂ ਬਿਸ਼ਨ ਸਿੰਘ ਕਾਵਨ ਨੂੰ ਕਿਸ ਤਰ੍ਹਾਂ ਆ ਪਿਆ ? ਇਸ ਸਬੰਧ ਵਿਚ ਦੂਜੀ ਘਟਨਾ ਹੈ ਮਹਾਰਾਜ ਦੇ ਵਰਿਆਮ ਸਿੰਘ ਦੀ ਜੋ ਮਹਾਰਾਜਾ ਪਟਿਆਲਾ ਦਾ ਨੇੜਿਓਂ ਤੇੜਿਓਂ ਭਰਾ ਵੀ ਲੱਗਦਾ ਸੀ ਤੇ ਹੈ ਵੀ ਮਧਰੇ ਕੱਦ ਦਾ ਸੀ। ਵਾਰੀ ਆਉਣ ਤੇ ਤੋਪਚੀ ਨੇ ਮਧਰੇ ਕੱਦ ਦਾ ਬਹਾਨਾ ਲਾ ਕੇ ਇਸ ਨੂੰ ਛੱਡਣਾ ਚਾਹਿਆ ਪਰ ਵਰਿਆਮ ਸਿੰਘ ਝੱਟ ਦੌੜ ਕੇ ਨੇੜੇ ਦੇ ਵਾਹਣ ਵਿਚੋਂ ਇਟਾਂ ਢੀਮਾਂ ਚੁਕ ਲਿਆਇਆ। ਉਨ੍ਹਾਂ ਉਤੇ ਖੜ੍ਹ ਕੇ ਆਖਣ ਲੱਗਾ—"ਮੇਰਾ ਕੱਦ ਹੁਣ ਤੋਪ ਦੇ ਬਰਾਬਰ ਹੈ, ਛੇਤੀ ਗੋਲਾ ਚਲਾ ਕੇ ਮੈਨੂੰ ਮੇਰੇ ਸਾਥੀਆਂ ਨਾਲ ਰਲਾ।" ਤੇ ਪਲਾਂ ਵਿਚ ਹੀ ਉਹ ਵੀ ਸਾਥੀਆਂ ਵਿਚ ਜਾ ਰਲਿਆ। ਇਹ ਤਾਂ ਹੀ ਹੋ ਸਕਿਆ ਜੇ ਵਰਿਆਮ ਸਿੰਘ ਆਪਣੇ ਆਪ ਤੋਪ ਅਗੇ ਆ ਕੇ ਖੜ੍ਹਾ ਹੋਇਆ ਸੀ। ਜੇ ਬੱਝਾ ਹੋਇਆ ਹੁੰਦਾ ਤਾਂ ਨਾ ਤਾਂ ਕੱਦ ਕਾਠ ਦੇ ਘਟ ਵਧ ਹੋਣ ਦਾ ਰੌਲਾ ਹੀ ਪੈਣਾ ਸੀ ਤੇ ਨਾ ਹੀ ਇਟਾਂ ਢੀਮਾਂ ਲਿਆਉਣ ਦੀ ਜੁਰਤ ਵਰਤੀ ਜਾ ਸਕਦੀ ਸੀ। ਇਹ ਘਟ-ਨਾਵਾਂ ਉਨ੍ਹਾਂ ਮਾਈਆਂ ਦੇ ਅਖੀਂ ਦੇਖੀਆਂ ਸਨ ਜੋ, ਇੰਦ ਕੌਰ ਤੇ ਖੇਮ ਕੌਰ, ਪਟਿਆਲੀਏ ਅਫਸਰਾਂ ਦੇ ਹਵਾਲੇ ਕੀਤੀਆਂ ਗਈਆਂ ਸਨ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

ਸੰਸਾਰ ਸ਼ਾਂਤੀ ਦੀ ਸਥਾਪਨਾ ਲਈ ਇਕ ਹੋਰ ਮੰਚ

—ਪ੍ਰੀਤਮ ਸਿੰਘ ਕਵੀ

ਉਸ ਦਿਨ ਹੜ ਆਈਆਂ ਨਦੀਆਂ ਦਾ ਪਾਣੀ ਸਮੁੰਦਰ ਨ ਝੱਲ ਸਕਿਆ ਅਤੇ ਬੇਵਿਤਾ ਮਟਮੈਲਾ ਪਾਣੀ ਥਾਈਲੈਂਡ ਦੀ ਰਾਜਧਾਨੀ ਬੈਂਕੋਕ ਦੇ ਗਲੀ ਬਾਜ਼ਾਰਾਂ ਵਿਚ ਕਮਲਾ ਹੋਇਆ ਫਿਰਨ ਲਗਾ। ਅੱਧ ਅਕਤੂਬਰ ਦੇ ਦਿਨ ਸਨ। ਹਵਾਈ ਸਫ਼ਰ ਕਰਦਿਆਂ ਵੀ ਦੇਸ ਦਾ ਤੀਜਾ ਹਿੱਸਾ ਪਾਣੀ ਦੀ ਮਾਰ ਹੇਠ ਆਇਆ ਲਗਦਾ ਸੀ। ਬਰਸਾਤਾਂ ਬੇਬਹਾ ਹੋ ਚੁਕੀਆਂ ਸਨ। ਅਜਿਹੇ ਵਿਚ ਬੈਂਕੋਕ ਤੋਂ ਦੱਖਣ ਦੀ ਤਰਫ਼ ੧੦੦ ਕਿਲੋਮੀਟਰ ਦੇ ਫਾਸਲੇ ਤੇ ਇਕ ਕੌਮਾਂਤਰੀ ਧਾਰਮਿਕ ਜਸ਼ਨ ਮਨਾਇਆ ਜਾ ਰਿਹਾ ਸੀ।

੩੪-੩੫ ਸਾਲਾਂ ਦਾ ਇਕ ਲਾਲ ਬੋਘੜ, ਉਤਸਾਹੀ ਨੌਜੁਆਨ ਜੁ ਧਰਮ ਖੇਤਰ ਦਾ ਵੀ ਅਧਿਕਾਰੀ ਹੈ, ਡਾਕਟਰ ਸੁਚਾਟ ਆਪਣੀ ਸੁਸਾਇਟੀ ਵਲੋਂ ਖਰੀਦੀ ੧੦੦ ਏਕੜ ਧਰਤੀ ਵਿਚਾਲੇ ਇਕ ਸ਼ਾਂਤੀ-ਮੰਦਰ ਦੀ ਸਥਾਪਨਾ ਦਾ ਨੀਂਹ ਪੱਥਰ ਰਖਵਾ ਰਿਹਾ ਸੀ। ਡਾਕਟਰ ਸੁਚਾਟ 'ਸ਼ਾਂਤੀ ਦੂਤ ਹਿਜ਼ ਐਕਸੀ ਲੈਂਸੀ' ਨਾਲ ਵਿਸ਼ਸ਼ਣਿਆ ਜਾਂਦਾ ਹੈ। ਇਸ ਦੀ ਸੁਸਾਇਟੀ ਦੀ ਸੋਚ ਹੈ ਕਿ ਜੇ ਸਾਰੇ ਸੰਸਾਰ ਦੇ ਮਨੁਖਾਂ ਨੂੰ ਅਮਨ ਦੀ ਤਲਬ ਹੈ ਤਾਂ ਕੁਲ ਪ੍ਰਾਣਧਾਰੀਆਂ ਲਈ ਵੀ ਸ਼ਾਂਤੀ ਲੁੜੀਂਦੀ ਹੈ। ਇਹ ਨਹੀਂ ਕਿ ਮਨੁਖ ਆਪਣੀ ਸ਼ਾਂਤੀ ਸਥਾਪਤ ਕਰਦਾ ਕਰਦਾ ਦੂਜੇ ਜੀਵਾਂ ਦਾ ਵਖ ਵਖ ਤਰੀਕਿਆਂ ਨਾਲ ਵਨਾਹ ਕਰੇ। 'ਆਪ ਜੀਓ ਦੂਜਿਆਂ ਨੂੰ ਜਿਉਣ ਦਿਓ' ਦਾ ਅਸੂਲ ਬੇਜ਼ਬਾਨ ਪ੍ਰਾਣੀਆਂ ਤੇ ਵੀ ਲਾਗੂ ਕਰੋ। ਇਸ ਵਾਸਤੇ ਉਸਨੇ ਫੂਹਾ ਸੱਵਨ ਵਿਖੇ ਰਿਲੀਜਸ ਲੈਂਡ ਨਾਂ ਦੀ ਕਾਲੋਨੀ ਆਬਾਦ ਕਰਨੀ ਆਰੰਭ ਕੀਤੀ ਹੈ ਜਿਸ ਵਿਚ ਰਿਹਾਇਸ਼ ਦੇ ਖਾਹਸ਼ਮੰਦ ਨ ਮਾਸ ਖਾਣਗੇ ਨ ਸ਼ਰਾਬ ਪੀਣਗੇ।

ਇਸ ਧਰਮ-ਧਰਤੀ ਨੂੰ ਸੁਚਾਟ ਸ਼ਾਂਤੀ ਦੇ ਇਕ ਮਹਾਨ ਪੜਲ ਵਜੋਂ ਵਰਤਣਾ ਚਾਹੁੰਦਾ ਹੈ। ਦੁਨੀਆਂ ਦੇ ਵਡੇ ਵਡੇ ਧਰਮਾਂ ਦੇ ਮੁਖੀਆਂ ਨੂੰ ਮਿਲਕੇ ਉਸਨੇ ਆਪਣੇ ਵਿਚਾਰ ਦਸੇ ਤੇ ਪ੍ਰੌੜ੍ਹਤਾ ਪ੍ਰਾਪਤ ਕੀਤੀ ਉਸਦਾ ਮਿਸ਼ਨ ਸਵਰਗ ਵਾਸੀ ਪੋਪ ਪਾਲ ਨੂੰ ਵੀ ਮਿਲਿਆ। ਪੋਪ ਨੇ ਇਸ ਬੁਧ ਧਰਮ ਦੇ ਮਾਨੁਇਆਈ ਦੇ ਜਤਨਾਂ ਨੂੰ ਫਲਣ ਫੂਲਣ ਦਾ ਆਸ਼ੀਰਵਾਦ ਦਿਤਾ।

ਡਾ. ਸੁਚਾਟ ਭਾਰਤ ਵਿਚ ਵੀ ਆਇਆ। ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਆਦਿਕਾਂ ਨੂੰ ਮਿਲ ਕੇ ਉਸਨੇ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵੀ ਨੇੜਤਾ ਹਾਸਲ ਕੀਤੀ। ਉਹ ਜਾਣ ਗਿਆ ਹੋਵੇਗਾ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਰਤਮਾਨ ਉਤਰਾਧਿਕਾਰੀ ਕੌਮਾਂਤਰੀ ਸ਼ਾਂਤੀ ਦੇ ਸੁਚੇਤ ਚਾਹਵਾਨਾਂ ਦੇ ਆਗੂਆਂ ਵਿਚੋਂ ਹਨ। ਉਸਨੂੰ ਇਹ ਵੀ ਪਤਾ ਲਗ ਗਿਆ ਹੋਵੇਗਾ ਕਿ ਗੁਰੂਵਾਦ ਦੇ ਇਸ ਪ੍ਰਸਿੱਧ ਤੇ ਪਵਿੱਤਰ ਸਤੰਭ ਦੇ ਸਾਰੇ ਅਨੁਆਈ ਕਿੰਜ ਸਮੁੱਚੇ ਰੂਪ ਵਿਚ ਉਹਦੇ ਆਦਰਸ਼ਾਂ ਨਾਲ ਮੇਲ ਖਾਂਦੇ ਹਨ। ਡਾ. ਸੁਚਾਟ ਆਮ ਕਰਕੇ ਸਫੈਦ ਪੈਂਟ ਕੋਟ ਪਹਿਨਦਾ ਤੇ ਡਾਢਾ ਤਪੱਸਵੀ ਜੀਵਨ ਜਿਉਂਦਾ ਹੈ। ਉਹਦੇ ਆਸ਼ਰਮ ਵਿਚ ਭਗਵਾਂਵੇਸ ਬੋਧੀ ਸਾਧੂ ਵਖ ਵਖ ਢੰਗਾਂ ਨਾਲ ਜੀਵਨ ਸਾਧਨਾਂ ਕਰ ਰਹੇ ਹਨ ਅਤੇ ਇਹ ਆਪ ਵੀ ਕਿਸੇ ਵੀ ਧਾਰਮਿਕ ਰਖ ਰਖਾਣ ਤੋਂ ਅਧੂਰਾ ਨਹੀਂ।

Sri Satguru Jagjit Singh Ji Elibrary NamdhariElibrary@gmail.com

ਇਸ ਨੇ ਭੈਣੀ ਸਾਹਿਬ ਵਿਚ ਪਿਛਲੇਰੇ ਸਾਲ ਦੇ ਨਵੰਬਰ ਵਿਚ ਪਹੁੰਚ ਕੇ ਸਤਿਗੁਰੂ ਜੀ ਨੂੰ ਭਰੀ ਸਭਾ ਵਿਚ ਆਖਿਆ ਸੀ : ਆਪ ਮੇਰੇ ਲਈ ਸਾਖਿਆਤ ਬੁੱਧ ਹੋ । ਮੈਨੂੰ ਹੁਣ ਸਾਰ ਨਾਥ ਜਾਣ ਦੀ ਲੋੜ ਨਹੀਂ । ਭੈਣੀ ਸਾਹਿਬ ਹੀ ਉਨ੍ਹਾਂ ਆਦਰਸ਼ਾਂ ਦੀ ਪੂਰਤੀ ਕਰਦਾ ਹੈ ਜਿਨਾਂ ਲਈ ਬੁੱਧ ਧਰਮ ਉਪਦੇਸ਼ਦਾ ਹੈ । ਡਾ. ਸੁਚਾਟ ਨੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਨੇਹ ਸਾਂਝ ਵਧਾਂਣ ਲਈ ੪੫ ਪੁਸਤਕਾਂ ਥਾਈ ਬੋਲੀ ਵਿਚ ਬੁੱਧ-ਬਚਨਾਂ ਦੀਆਂ ਭੇਟ ਕੀਤੀਆਂ ਅਤੇ ਨਾਲ ਹੀ ਇੱਛਾ ਪ੍ਰਗਟ ਕੀਤੀ : ਜੋ ਭਾਰਤੀ ਥਾਈ ਭਾਸ਼ਾ ਦਾ ਗਿਆਨ ਚਾਹੁਣ ਜੀ ਸਦਕੇ, ਨਹੀਂ ਤਾਂ ਭਾਰਤ ਵਿਚ ਆਏ ਥਾਈ ਵਿਦਿਆਰਥੀਆਂ ਲਈ ਭੈਣੀ ਸਾਹਿਬ ਯਾਤਰਾ-ਸਥਨ ਹੋਵੇਗਾ ਤੇ ਆਪਦੇ ਦਰਸ਼ਨ ਬੁੱਧ ਦੇ ਦਰਸ਼ਨ ! ਡਾ. ਸੁਚਾਟ ਨਿਮਰਤਾ ਦੀ ਟੇਕ ਤੇ ਖਲੋਤਾ ਹੈ । ਉਸਨੇ ਸਤਿਗੁਰੂ ਜੀ ਅਗੇ ਗੋਡਿਆਂ ਪਰਨੇ ਹੋ ਭੇਟ ਕੀਤੀਆਂ ਪੁਸਤਕਾਂ ਦੀ ਫੋਟੋ ਕਾਪੀਆਂ ਫਰੇਮ ਕਰਵਾ ਕੇ ਦੇਸ਼ਾਂ ਵਿਦੇਸ਼ਾਂ ਵਿਚ ਪਰਚਾਰ ਅਰਥ ਭੇਜੀਆਂ ।

ਇਸੇ ਮਿਲਣੀ ਸਮੇ ਉਸਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਗ੍ਰਹਿ ਪੂਰਵਕ ਇਕਰਾਰ ਲਿਆ ਕਿ ਉਸ ਦੀ ਧਰਮ-ਧਰਤੀ ਵਿਚ ਸੰਸਾਰ ਸ਼ਾਂਤੀ-ਮੰਦਰ ਦੀ ਉਸਾਰੀ ਦਾ ਨੀਂਹ ਪੱਥਰ ਆਪ ਹੀ ਆਪਣੇ ਕਰ-ਕਵਲਾਂ ਦੁਆਰਾ ਰਖਣ । ਹੈਰਾਨੀ ਹੁੰਦੀ ਹੈ ਕਿਵੇਂ ਬੰਗਾਲ ਦੀ ਖਾੜੀ ਤੋਂ ਪਰਲੇ ਪਾਰ ਦੇ ਦੇਸ਼ ਦੇ, ਕੰਦਰਾਂ ਵਿਚ ਰਹਿਣ ਵਾਲੇ ਇਕ ਵਿਅਕਤੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਾਣੀ ਮਾਤਰਾ ਲਈ ਸ਼ਾਂਤੀ ਲੋਚਦੀ ਵਿਅਕਤੀ ਨੂੰ ਢੂੰਡ ਲਿਆ ।

ਅਤੇ ਬੀਤੇ ਅਕਤੂਬਰ ਦੀ ੧੯ ਨੂੰ ਜਦੋਂ ਮੈਂ ਵੀ ਆਪਣੇ ਸੁਭਾਗ ਨੂੰ ਸ੍ਰੀ ਸਤਿਗੁਰੂ ਜੀ ਨਾਲ ਫੂਹਾ ਸਵੇਨ ਨਗਰ ਦੀ ਧਰਮ-ਧਰਤੀ ਵਿਚ ਪਹੁੰਚਿਆਂ ਤਾਂ ਸੈਂਕੜੇ ਕਾਰਾਂ, ਟਰੱਕਾਂ, ਸਕੂਟਰਾਂ, ਮੋਟਰ ਸਾਇਕਲਾਂ ਨੂੰ ਵੇਖ ਅਨੁਮਾਨਿਆ ਜਾ ਸਕਦਾ ਸੀ ਹਜ਼ਾਰਾਂ ਲੋਕਾਂ ਦਾ ਇੱਕਠ । ਇਕ ਅੰਡਾ ਕਾਰ ਛਾਇਆ ਮੰਡਪ, ਜਿਸ ਵਿਚ ਰਾਜਨੀਤਕ ਪ੍ਰਤੀਨਿਧਾਂ ਲਈ ਨਾਈਲਨ—ਸ਼ਾਮਿਆਨੇ ਅਤੇ ਧਾਰਮਿਕ ਰਾਹਨੁਮਾਵਾਂ ਲਈ ਤਾੜ-ਛੱਤੀਆਂ ਚੋਟੀਆਂ ਵਾਲੇ ਛੱਪਰ ਸਨ; ਵਿਚਾਲੇ ਇਕ ਸਫੇਦ ਕੰਵਲ, ਸੁਹਜ, ਸੁਖ, ਸਮਰਿੱਧੀ ਅਤੇ ਸ਼ਾਂਤੀ ਦਾ ਪ੍ਰਤੀਕ, ਕਿਸੇ ਮਸਾਲੇ ਨੂੰ ਕਲਾਤਮਿਕ ਤਰੀਕੇ ਨਾਲ ਵਰਤ ਕੇ ਕਰੀਬ ਛੇ ਫੁਟ ਉਚਾ ਉਸਾਰਿਆ ਹੋਇਆ, ਜਿਸਦੇ ਹਰੇ ਪੱਤਰ ਥਾਲਾਂ ਵਾਂਙੂੰ ਧਰਤੀ ਤੇ ਟਿਕੇ ਹੋਏ ਸਨ ।

੩੦ ਦੇਸਾਂ ਦੇ ਰਾਜਦੂਤ ਜਾਂ ਪ੍ਰਤੀਨਿਧ ਆਪਣੇ ਆਪਣੇ ਦੇਸ਼ ਦੀ ਪਵਿਤਰ ਮਿੱਟੀ ਲੈਕੇ ਆਏ ਹੋਏ ਸਨ ਜੁ ਸੁਨਹਿਰੀ ਕਲਸਾਂ ਵਿਚ, ਸੁਨਹਿਰੀ ਥੈਲੀਆਂ ਵਿਚ ਸੰਜੋਈ, ਰੱਖੀ ਹੋਈ ਸੀ । ਡਾ. ਸੁਚਾਟ ਨੇ ਰੂਸ ਅਤੇ ਅਮਰੀਕਾ ਨੂੰ ਵੀ ਇਸ ਪਰਯੋਜਨ ਵਿਚ ਭਾਈਵਾਲ ਬਣਾਇਆ ਹੋਇਆ ਸੀ । ਵੱਖ ਵੱਖ ਦੇਸ਼ਾਂ ਦੇ ਝੰਡਿਆਂ ਦਾ ਬੈਂਡ ਬਾਜੇ ਦੀ ਧੁਨ ਨਾਲ ਉਚਾ ਲ ਾ ਇਆ ਜਾਣਾ, ਰੰਗ ਬਰੰਗੇ ਗੁਬਾਰਿਆਂ ਨਾਲ ਬੰਨ੍ਹਿਆ, ਬਾਰੀਕ, ਸਿਲਕੀ ਕਪੜੇ ਉੱਤੇ ਸੰਸਾਰ ਸ਼ਾਂਤੀ ਮੰਦਰ ਦਾ ਡੀਜ਼ਾਇਨ ਆਕਾਸ਼ਾਂ ਵਿਚ ਉਡਾਇਆ ਜਾਣਾ, ਸੁਹਜ, ਸ਼ੌਕ ਅਤੇ ਵਿਸ਼ਵਾਸ ਦਾ ਲਖਾਇਕ ਸੀ ।

ਸ੍ਰੀ ਸਤਿਗੁਰੂ ਜੀ ਇਕ ਸੁਨਹਿਰੀ ਸਿੰਘਾਸਨ ਤੇ ਸ਼ਸ਼ੋਭਤ ਸਨ । ਦੁਆਲੇ ਸਨ ਸੈਂਕੜਿਆਂ ਦੀ ਗਿਣਤੀ ਵਿਚ ਸਫੇਦ ਵਾਸਤਰਾਂ ਵਿਚ ਸੁਸੱਜਿਤ ਨਾਮਧਾਰੀ ਨਰ ਨਾਰ । ਅਤੇ ਅੱਜ ਸਾਰੇ ਕੈਮਰੇ, ਮੂਵੀ ਤੇ ਵੀਡੀਓ ਆਦਿ ਬਿਜਲਈ ਯੰਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ੋਭਾ ਨੂੰ ਡੀਕ ਰਹੇ ਸਨ । ਮੁਖ ਪ੍ਰਾਹੁਣੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹੋਣ ਕਰਕੇ ਸਭ ਰਾਜਸੀ ਧਾਰਮਿਕ ਤੇ ਦਰਸ਼ਕ ਲੋਕਾਂ ਦਾ ਆਕਰਖਣ ਸਨ ।

ਪ੍ਰੋਗਰਾਮ ੧ ਵਜੇ ਤੋਂ ੩-੩੦ ਦੋਪਹਿਰ ਤੱਕ ਚਲਿਆ । ਮਿੰਟ ਮਿੰਟ ਨੇਮਬੱਧ ਸੀ । ਸ੍ਰੀ ਸਤਿਗੁਰੂ ਜੀ ਨੂੰ ਡਾਕਟਰ ਸੁਚਾਟ ਤੇ ਉਹਦੇ ਸਾਥੀਆਂ ਵਲੋਂ ਬੇਨਤੀ ਹੋਈ ਕਿ ਆਪ ਨੀਂਹ ਪੱਥਰ ਰਖਣ ਦੀ ਕਿਰਪਾ ਕਰਨ । ਸਤਿਗੁਰੂ ਲਕੜ ਦੇ ਪਊਏ ਪਹਿਨ ਥਾਈਲੈਂਡ ਵਾਸੀਆਂ ਦੇ ਦੋ ਮੁਖੀਆਂ, ਨਾਮਧਾਰੀ ਸੰਗਤ ਦੇ ਪ੍ਰਧਾਨ ਸੇਠ ਜਸਪਾਲ ਸਿੰਘ ਅਤੇ ਸੇਠ ਤਿਰਲੋਕ ਸਿੰਘ ਚਾਵਲਾ ਨਾਲ, ਵਿਛੇ ਹੋਏ ਰਸਤੇ ਨੂੰ ਸਹਿਜੇ ਸਹਿਜੇ ਪਾਰ ਕਰਦੇ ਮੰਡਪ ਦੇ ਦਰਮਿਆਨ ਆਏ ਜਿਥੇ ਕੰਵਲ ਪੱਤੀਆਂ ਆਪਦੀ ਛੁਹ ਲਈ ਉਡੀਕਵਾਨ ਜਾਪਦੀਆਂ ਸਨ । ਇਕ ਛੇ ਇੰਚ ਵਿਆਸ ਦੀ ਸਫੇਦ ਸੰਗਿ ਮਰਮਰ ਤੇ ਥਾਈ ਬੋਲੀ ਵਿਚ ਸੁਨਿਹਰੀ ਲਿਖਤ ਰਾਜ ਪ੍ਰੋਹਤ ਦੇ ਪ੍ਰਾਥਨਾ

Sri Satguru Jagjit Singh Ji Elibrary NamdhariElibrary@gmail.com

ਕਣਨ ਤੇ. ਸ੍ਰੀ ਸਤਿਗੁਰੂ ਜੀ ਨੇ ਕਮਲ ਨਾਭੀ ਦੇ ਹੇਠਵਾਰ ਕਰਕੇ ਰੱਖੀ। ਉਸਦੇ ਉੱਪਰ ਥਾਈ ਦੇਸ਼ ਦੇ ਮਹਾਨ ਬੋਧੀ ਸੰਤ ਸ੍ਰੀ ਚਾਓ ਖੁਨਬੋ ਨੇ ਸ੍ਰੀ ਸਤਿਗੁਰੂ ਜੀ ਨਾਲ ਮਿਲਕੇ ਇਕ ਹੋਰ ਨੀਂਹ-ਸਲੇਟ, ਜਿਸ ਵਿਚ ਦੋਹਾਂ ਮਹਾਨ ਧਰਮਾਂ ਦੇ ਧਰਮ ਗੁਰੂਆਂ ਦੇ ਨਾਮ ਅੰਕਤ ਸਨ, ਸਹਿਜ ਨਾਲ ਕਮਲ ਨਾਭੀ ਉਪਰ ਟਿਕਾਈ। ਤੇ ਇਹ ਸੀ ਉਹ ਮੁਖ ਰਸਮ ਜਿਸ ਉਪਰੰਤ ਦੂਜੇ ਦੇਸਾਂ ਦੀ ਪਾਵਨ ਧਰਤੀ ਦੀ ਥੋੜੀ-ਥੋੜੀ ਮਿੱਟੀ ਸੁਨਹਿਰੀ ਗੁਥੀਆਂ ਉਤੇ ਦੇਸਾਂ ਦਾ ਨਾਮੰਙਨ ਕਰਕੇ ਕਮਲ ਨਾਭੀ ਦੇ ਦੁਆਲੇ ਸਥਾਪਤ ਕੀਤੀ ਜਾਣੀ ਸੀ। ਫਿਰ ਵੱਖ ਵੱਖ ਦੇਸਾਂ ਪੋਲੈਂਡ, ਸਪੇਨ. ਨੇਪਾਲ, ਆਸਟਰੇਲੀਆ, ਆਸਟਰੀਆ, ਬਰਮਾ, ਵੈਸਟ ਜਰਮਨੀ, ਭਾਰਤ, ਈਰਾਨ, ਇਜ਼ਰਾਈਲ, ਜਪਾਨ, ਮਲੇਸ਼ੀਆ, ਫਿਲੀਪੀਨ, ਸੀਲੋਨ, ਤੁਰਕੀ. ਅਮਰੀਕਾ, ਰੂਸ, ਯੂ. ਕੇ., ਵੀਅਤਨਾਮ ਆਦਿ— ਚੀਨ ਨਹੀਂ) ਦੇ ਰਾਜਦੂਤ ਅਤੇ ਪ੍ਰਤੀਨਿਧ ਸੁਹਣੀਆਂ ਤੇ ਵਖ ਵਖ ਰੰਗਾਂ ਦੇ ਲਿਬਾਸ ਨਾਲ ਫਬਵੀਆਂ ਥਾਈ ਕੁੜੀਆਂ ਦੀ ਸੇਵਾ ਸਵੀਕਾਰਦਿਆਂ ਇਕ ਮੁਕਰਰ ਫਰਸ਼ ਵਿਛਾਏ ਰਸਤੇ ਉਪਰੋਂ, ਫੁਲ ਵਰਸਾਂਦੀਆਂ ਹੋਰ ਕੁੜੀਆਂ ਕੋਲੋਂ ਲੰਘਦੇ ਸ਼ਾਂਤੀ ਕੰਵਲ ਤਕ ਆਏ। ਰਾਜ ਪਰੋਹਤ ਦੇ ਮੰਤ੍ਰ ਉਚਾਰਣ ਬਆਦ ਕਮਲ ਨਾਭੀ ਦੇ ਦੁਆਲੇ ਪਵਿਤਰ ਮਿੱਟੀ ਟਿਕਾਂਦੇ ਗਏ। ਸੁੰਦਰਤਾ, ਸੁਚੱਜ ਤੇ ਸਮੇਂ ਦੀ ਸਯੋਗ ਵਰਤੋਂ ਦਾ ਅਨੂਠਾ ਮੇਲ।

ਫਿਰ ਬੇਨਤੀ ਹੋਈ ਸਤਿਗੁਰੂ ਜੀ ਵਲੋਂ ਅਸ਼ੀਰਵਾਦ ਦਿੱਤੇ ਜਾਣ ਦੀ। ਸਤਿਗੁਰੂ ਜੀ ਨੇ ਸੰਖੇਪ ਵਿਚ ਡਾ: ਸੁਚਾਟ ਦੀ ਪਹੁੰਚ ਦਾ ਚਰਚਾ ਕੀਤਾ ਤੇ ਫਿਰ ਉਸ ਦੇ ਸਮੁੱਚੀ ਮਨੁਖਤਾ ਅਤੇ ਪ੍ਰਾਣਧਾਰੀਆਂ ਲਈ ਅਮਨ ਲਈ ਕੀਤੇ ਜਾ ਰਹੇ ਉਦਮ ਦਾ ਜ਼ਿਕਰ ਕਰਕੇ ਦੂਜੇ ਦੇਸ਼ਾਂ ਦੇ ਪ੍ਰਤੀਨਿਧਾ, ਰਾਜਦੂਤਾਂ ਤੇ ਦਰਸ਼ਕਾਂ ਤੋਂ ਮੰਗ ਕੀਤੀ ਕਿ ਸਭੇ ਹੀ ਉਸਦੇ ਨੇਕ ਕਾਜ ਵਿਚ ਹਿਰਦਿਓ ਸਹਿਯੋਗ ਦੇਣ, ਸਤਿ ਗੁਰੂ ਜੀ ਦੀ ਪੰਜਾਬੀ ਨੂੰ ਸੇਠ ਤ੍ਰਿਲੋਕ ਸਿੰਘ ਚਾਵਲਾ ਤੇ ਪ੍ਰਧਾਨ ਜਸਪਾਲ ਸਿੰਘ ਗੋਰੇਵਾੜਾ ਨੇ ਥਾਈ ਵਿਚ ਅਨੁਵਾਦਿਆ। ਫਿਰ ਬੋਧੀ ਮਹਾਂ ਸੰਤ, ਥਾਈ ਬਿਸ਼ਪ, ਮੁਸ਼ਲਮਾਨ ਮੁੱਲਾਵਾਂ ਤੇ ਬਹਾਈ ਧਰਮ ਦੇ ਅਚਾਰਜਾਂ ਨੇ ਦੁਆਵਾਂ ਪੜੀਆਂ। ਅਤੇ ਇੰਜ ਢਾਈ ਘੰਟੇ ਵਿਚ ਇਹ ਸਮਾਗਮ ਸਮਾਪਤ ਹੋ ਗਿਆ।

ਇਸ ਸਬੰਧ, ਵਿਚ ਇਕ ਦਿਨ ਪਹਿਲਾਂ ਡਾ: ਸੁਚਾਟ ਦੇ ਉਦਮ ਨਾਲ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਟੀ. ਵੀ. ਇੰਟਰਵੀਊ ਵੀ ਪਰਸਾਰਤ ਕੀਤਾ ਗਿਆ। ਸ਼ਹਿਰ ਬੈਂਕੋਕ ਵਿਚ ਲਗਪਗ ਹਰੇਕ ਚੌਕ ਵਿਚ ਸ਼ਾਂਤੀ ਮੰਦਰ ਦੀ ਉਸਾਰੀ ਲਈ ਸ਼ਤਿਗੁਰੂ ਜਗਜੀਤ ਸਿੰਘ ਜੀ ਦਾ ਭਾਰਤ ਦੇ ਪੰਜਾਬ ਪ੍ਰਾਂਤ ਚੋਂ ਵਿਸ਼ੇਸ਼ ਆਉਣਾ ਦਸਦੇ ਪਰਦੇ ਲਗੇ ਤੇ ਲਟਕੇ ਹੋਏ ਸਨ। ਅਖਬਾਰਾਂ ਵਾਲੇ ਤਾਂ ਰਾਜਸੀ ਘਟਨਾਵਾਂ ਨੂੰ ਹੀ ਪਹਿਲੇ ਸਫਿਆਂ ਦਾ ਵਿਸ਼ਾ ਬਣਾਂਦੇ ਹਨ ਜਦੋਂ ਕਿ ਅੱਜ ਸਾਰੇ ਸੰਸਾਰ ਦਾ ਭਲਾ ਹਰ ਪ੍ਰਕਾਰ ਦੀ ਸ਼ਾਂਤੀ ਨੂੰ ਪ੍ਰੋਤਸਾਹਤ ਕਰਨ ਵਾਲੀਆਂ ਘਟਨਾਵਾਂ ਦਾ ਪਰਚਾਰਨਾ ਹੀ ਮਨੁਖਾਂ ਤੇ ਕੌਮਾਂ ਵਿਚ ਸ਼ਾਂਤੀ ਦੀ ਸਥਾਈ ਲੋੜ ਦੀ ਅਹਿਮੀਅਤ ਨੂੰ ਵਿਕਾਸ ਦੇ ਸਕਦਾ ਹੈ।

ਅਤ ਉਤੇ ਸੰਸਾਰ ਸ਼ਾਂਤੀ ਮੰਦਰ ਦੇ ਇਸ ਅਚਾਰਯ ਦੀ ਪ੍ਰਾਥਨਾ ਦੇਣੀ ਯੋਗ ਹੋਵੇਗੀ ਜਿਸ ਨੂੰ ਇਸ ਉਤਸਵ ਵਿਚ ਸ਼ਾਮਲ ਹਰ ਦਰਸ਼ਕ ਨੇ ਖਲੋਕੇ ਦੁਹਰਾਇਆ :

—ਸੱਭ ਦੁਨੀਆਂ ਵਿਚ ਸ਼ਾਂਤੀ ਹੋਵੇ !

—ਧਰਮ ਸਭ ਤੋਂ ਉੱਚਾ ਹੋਵੇ !

—ਧਰਮ ਸਭ ਦੀ ਅਗਵਾਈ ਕਰੇ !

—ਲੋਕ ਧਰਮ ਨੂੰ ਸਮਝਣ !

— ਸਾਰੇ ਵੱਡੇ ਜੁੜਕੇ ਸੁਖ ਸ਼ਾਂਤੀ ਲਈ ਸੋਚਣ !

— ਧਰਮ ਇਕ ਦੂਜੇ ਨੂੰ ਕੱਟਣ ਨਾ, ਮੰਡਣ ਰੂਪ ਵਿਚ ਪਰਚਾਰ ਕਰਨ !

— ਜੇ ਸੋਚਿਆ ਜਾਵ ਦਿਲ ਤੇ ਦਿਮਾਗ ਨਾਲ ਸੋਚਿਆ ਜਾਵੇ, ਹਥਿਆਰਾਂ ਬਾਰੇ ਨਾ ਸੋਚਿਆਂ ਜਾਵੇ !

—ਕਾਨਫਰੇਸ ਹਾਲ ਛੇਤੀ ਤੋਂ ਛੇਤੀ ਮੁਕੰਮਲ ਹੋਵੇ !

—ਸ ਡੀ ਪ੍ਰਾਰਥਨਾ ਜਲਦੀ ਮਨਜ਼ੂਰ ਹੋਵੇ !

—ਸਾਰੀ ਦੁਨਿਆਂ ਦੇ ਲੋਕ, ਜਿਵੇਂ ਅਸੀਂ ਇਕਠੇ ਹੋਏ ਹਾਂ, ਇੰਜ ਇਕਠੇ ਹੁੰਦੇ ਰਹਿਣ !

●

Sri Satguru Jagjit Singh Ji Elibrary NamdhariElibrary@gmail.com

ਮਿੰਨੀ ਕਹਾਣੀ

ਤਿੰਨ ਕਮਰੇ ਤਿੰਨ ਪੱਗਾਂ

—ਕੁਲਦੀਪ ਸਿੰਘ ਹਉਰਾ

"ਇੰਦਰਾ ਹੈ ਤੇ ਔਰਤ ਪਰ ਕੰਮ ਉਸਨੇ ਤਗੜੇ ਤੋਂ ਮਰਦ ਵਾਲਾ ਕਰ ਵਿਖਾਇਆ ਹੈ।"

"ਤਾਂ ਹੀ ਤਾਂ ਅੱਜ ਫੇਰ ਉਸਦਾ ਚਰਚਾ ਹੋਣ ਲਗਾ ਹੈ।"

"ਇਸ ਵਾਰੀ ਚਿਕਮਗਲੂਰ ਦੀ ਚੋਣ ਵਿੱਚ ਕਮਾਲ ਹੀ ਕਰ ਦਿੱਤਾ ਹੈ।"

"ਉਸਨੇ ਜਨਤਾ ਪਾਰਟੀ ਦੇ ਅੰਦਰਲੇ ਸੀਤ ਯੁਧ ਤੋਂ ਲਾਭ ਉਠਾਇਆ ਹੈ ਤੇ ਆਪਣੀ ਗੁਆਈ ਹੋਈ ਸ਼ੁਹਰਤ ਫੇਰ ਕਾਇਮ ਕਰ ਲਈ ਹੈ।"

"ਪਰ ਅਜਿਹਾ ਹੋਣ ਨਾਲ ਤੁਹਾਨੂੰ ਤਾਂ ਕਾਫੀ ਸੱਟ ਵਜੀ ਹੋਵੇਗੀ।"

"ਭੋਲਿਓ! ਸਾਨੂੰ ਕੀਹ ਫਰਕ ਪੈਂਦਾ ਹੈ। ਕੋਈ ਸਰਕਾਰ ਆ ਜਾਏ ਸਾਡੇ ਤਾਂ ਵਾਰੇ ਨਿਆਰੇ ਹਨ।"

"ਉਹ ਕਿਵੇਂ ?

'ਸ੍ਰੀ ਮਾਨ ਜੀ! ਆਪਣੀ ਕੋਠੀ ਦੇ ਤਿੰਨ ਅਡ ਅੱਡ ਕਮਰੇ ਅਸਾਂ ਇਸ ਢੰਗ ਨਾਲ ਸਜਾਏ ਹੋਏ ਹਨ ਕਿ ਜਿਸ ਰਾਜਸੀ ਪਾਰਟੀ ਦਾ ਬੰਦਾ ਆ ਜਾਵੇ, ਉਸੇ ਮਤਲਬ ਦਾ ਕਮਰਾ ਖੋਹਲ ਲਈਦਾ ਹੈ।' 'ਕੀਹ ਮਤਲਬ ?' ਉਸ ਹੈਰਾਨੀ ਨਾਲ ਪੁਛਿਆ।

'ਮਤਲਬ ਇਹ ਕਿ ਇਕ ਕਮਰੇ ਵਿਚ ਗਾਂਧੀ, ਨਹਿਰੂ ਤੇ ਇੰਦਰਾ ਦੀਆਂ ਫੋਟੋ ਲਗੀਆਂ ਹੋਈਆਂ ਹਨ। ਇਕ ਕੰਧ ਤੇ ਸ਼ਾਸਤਰੀ ਜੀ ਦਾ ਜੈ ਜੁਆਨ ਜੈ ਕਿਸਾਨ ਦਾ ਨਾਹਰਾ ਤੇ ਦੂਜੇ ਪਾਸੇ ਇੰਦਰਾ ਦਾ ਗਰੀਬੀ ਹਟਾਓ ਦਾ ਨਾਹਰਾ ਲਟਕ ਰਹੇ ਹਨ। ਦੂਸਰੇ ਕਮਰੇ 'ਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਬਾਬੇ ਦੀਪ ਸਿੰਘ ਜੀ ਸ਼ਹੀਦ ਚਿੱਤਰ ਹਨ ਅਤੇ ਕੰਧਾ ਉਤੇ ਥਾਂਓ ਥਾਈਂ ਗੁਰਬਾਣੀ ਦੀਆਂ ਤੁਕਾਂ ਦੇ ਕਿੱਤੇ ਲਟਕਾਏ ਗਏ ਹਨ ਅਤੇ ਤੀਸਰੇ ਕਮਰੇ ਵਿਚ ਮੁਰਾਰਜੀ ਡੇਸਾਈ, ਬਾਜਪਾਈ, ਬਾਬੂ ਜਗਜੀਵਨ ਰਾਮ ਤੇ ਬਰਨਾਲਾ ਸਾਹਿਬ ਦੇ ਪੋਰਟਰੇਟ ਅੰਗੀਠੀ ਤੇ ਪਏ ਹਨ ਜਦੋਂ ਕਿ ਥਾਂ ਥਾਂ ਸ਼ਰਾਬ ਪੀਣ ਵਿਰੁਧ ਕੁਟੇਸ਼ਨਜ਼ ਚਾਰਟਾਂ ਤੇ ਅੰਕਿਤ ਹਨ। ਜਿਹੋ ਜਿਹਾ ਬੰਦਾ ਸਾਨੂੰ ਮਿਲਣ ਆ ਜਾਵੇ ਉਸੇ ਤਰ੍ਹਾਂ ਦੇ ਕਮਰੇ ਵਿਚ ਉਸ ਨੂੰ ਮਿਲ ਲਈਦਾ ਹੈ। ਉਸਦੇ ਮਤਲਬ ਦੀ ਗਲ ਕਰੀਦੀ ਹੈ। ਉਸਦੀ ਪਾਲਿਸੀ ਨਾਲ ਸਬੰਧਤ ਅਖਬਾਰ ਮੰਗਵਾਕੇ ਮੇਜ਼ ਤੇ ਰੱਖ ਲਈਦੀ ਹੈ। ਅਜਿਹਾ ਆਦੇਸ਼ ਘਰ ਵਿਚ ਪਹਿਲੋਂ ਹੀ ਦਿਤਾ ਹੋਇਆ ਹੈ। ਅਗਲਾ ਸਮਝਦਾ ਹੈ ਇਹ ਤਾਂ ਸਾਡਾ ਹੀ ਬੰਦਾ ਹੈ।'

'ਪਰ ਇਸ ਤਰ੍ਹਾਂ ਨਾਲ ਤੁਸੀਂ ਲੋਕਾਂ ਨੂੰ ਵੀ ਧੋਖਾ ਦੇ ਰਹੇ ਹੋ ਤੇ ਆਪਣੇ ਆਪ ਨੂੰ ਵੀ।'

'ਵਾਹ! ਇਸ ਵਿਚ ਧੋਖਾ ਦੇਣ ਵਾਲੀ ਕਿਹੜੀ ਗਲ ਹੈ। ਮਨੁੱਖ ਨੂੰ ਸਮੇਂ ਦੇ ਨਾਲ ਚਲਦਾ ਹੈ। ਸਮੇਂ ਤੋਂ ਪਛੜਿਆਂ ਬੰਦਾ ਵੀ ਕਿਸੇ ਥਾਂ ਦਾ ਏ ? ਸਿਆਣਿਆਂ ਦਾ ਕਥਨ ਹੈ, ਮਨੁੱਖ ਯੁਗਾਨੁਕੂਲ ਹੋਣਾ ਚਾਹੀਦਾ ਹੈ। ਯੁਗ ਪ੍ਰੀਵਰਤਨ ਨਾਲ ਮਨੁਖ ਦੇ ਅੰਦਰ ਵੀ ਪ੍ਰੀਵਰਤਨ ਆਉਣਾ ਚਾਹੀਦਾ ਹੈ।'

'ਪਰ ਪ੍ਰੀਵਰਤਨ ਦਾ ਭਾਵ ਇਹ ਤਾਂ ਨਹੀਂ ਕਿ ਲੋਕਾਂ ਨੂੰ ਧੋਖਾ ਹੀ ਦਿਤਾ ਜਾਵੇ।'

'ਇਸ ਵਿਚ ਧੋਖੇ ਵਾਲੀ ਕਿਹੜੀ ਗਲ ਹੈ। ਸਿਆਣਪ ਇਸ ਗਲ ਦੀ ਮੰਗ ਕਰਦੀ ਹੈ ਕਿ ਜਿਹੋ ਜਿਹਾ ਮੌਕਾ ਵੇਖੋ, ਉਸੇ ਅਨੁਸਾਰ ਆਪਣੇ ਆਪ ਨੂੰ ਢਾਲ ਲਵੋ। ਅਜ ਕਲ ਨਿਰੇ ਸਿਧਾਂਤ ਤੇ ਕਟੱੜ ਅਸੂਲ ਕਿਸੇ ਕੰਮ ਨਹੀਂ।'

"ਵੈਸੇ ਗਲ ਤਾਂ ਤੁਹਾਡੀ ਠੀਕ ਹੈ। ਸਾਡੇ ਪਿਤਾ ਜੀ ਨੇ ਵੀ ਤਿੰਨ ਅੱਡ ਅੱਡ ਰੰਗਾਂ ਦੀਆਂ ਪਗੜੀਆਂ ਰੱਖੀਆਂ ਹੋਈਆਂ ਸਨ। ਜਿਹੋ ਜਿਹੇ ਸਮਾਗਮ ਵਿਚ ਜਾਂਦੇ, ਉਸ ਰੰਗ ਦੀ ਪੱਗ ਬੰਨ੍ਹ ਜਾਂਦੇ ਸਨ।" ਕਾਂਗਰਸੀਆਂ ਦੇ ਜਲਸੇ ਵਿਚ ਚਿੱਟੀ, ਅਕਾਲੀਆਂ ਦੇ ਦੀਵਾਨ ਵਿਚ ਨੀਲੀ, ਕਾਮਰੇਡਾਂ ਦੀ ਕਾਨਫਰੰਸ ਵਿਚ ਮਟਿਆਲੀ। ●

Sri Satguru Jagjit Singh Ji Elibrary NamdhariElibrary@gmail.com

ਬੇਕਦਰਾਂ ਤੇਰੀ ਕਦਰ ਨਾ ਜਾਣੀ

—ਤਰਲਕ ਮਨਸੂਰ

ਕਦੀ ਕਦੀ ਇੰਜ ਵੀ ਹੋਂਦਾ ਹੈ ।—ਮੁਦੱਤ ਹੋਈ ਮੈਂ ਇੱਕ ਫਿਲਮ ਵੇਖੀ ਸੀ, 'ਜਹਾਂ ਆਰਾ ।' ਉਸਦਾ ਇਕ ਗੀਤ ਬਹੁਤ ਪਸੰਦ ਆਇਆ ਸੀ । ਕਈ ਦਿਨ ਮੈਂ ਉਹ ਗੀਤ ਗੁਣ ਗੁਣਾਂਦਾ ਰਿਹਾ ਤੇ ਫੇਰ ਉਹ ਅਚੇਤ ਮਨ ਦੀ ਗੁਫਾ ਵਿਚ ਗੁਅ ਚ ਗਿਆ ਸੀ । ਐਹ, ਤਿਨ ਚਾਰ ਦਿਨ ਹੋਏ, ਇਕ ਦਿਨ ਅਚਨਚੇਤ ਹੀ ਉਹ ਭੁਲੀ ਵਿਸਰੀ ਤਰਜ਼ ਮੇਰੇ ਅੰਦਰ ਧੀਮੇਂ ਸੁਰ ਵਿਚ ਵਜਣ ਲਗ ਪਈ ਜਿਵੇਂ ਮੇਰੇ ਮਨ ਦੀ ਵਾਇਲਿਨ ਉਤੇ ਕੋਈ ਗਜ਼ ਫੇਰ ਰਿਹਾ ਹੋਵੇ। ਅੰਦਰ ਇਕ ਕੰਬਣੀ ਜਹੀ, ਤੇ ਹੋਠਾਂ ਉਤੇ ਥਰਥਰਾਹਟ ਤੇ ਮੁੜ ਆਪਣੇਂ ਆਪ ਕਿਤੋਂ ਆਏ ਬੋਲ, ਮੈਂ ਇਕ ਕਵਿਤਾ ਗੁਣ ਗੁਣਾ ਰਿਹਾ ਸਾਂ :—

ਸਿਮ ਰਹੇ ਨੇ ਚੁਫੇਰੇ, ਹਨੇਰੇ ਜਹੇ,
ਹਲਕੀ ਹਲਕੀ ਜਹੀ ਚਾਨਣੀ ਘੁਲ ਰਹੀ ।
ਜਿਉਂ ਪੀਆ-ਮੇਲ ਨੂੰ ਤਾਂਘਦੀ ਨਾਰ ਦੀ,
ਇਕ ਜ਼ੁਲਫ ਵਿਲਕਦੀ, ਇਕ ਕਥਾ ਖੁਲ ਗਈ ।
ਅਰਸ਼ ਤਾਰੇ ਤੇ ਧਰਤੀ ਤੇ ਦੀਵੇ ਜਲਨ,
ਕਰ ਰਹੇ ਨੇ ਇਹ ਕੋਈ, ਇਸ਼ਾਰੇ ਜਹੇ
ਉਡਕੇ ਆ ਪਈ ਚਿਣਗ-ਯਾਦ ਦਿਲ ਤੇ ਕਿਤੋਂ,
ਹੋ ਗਏ ਨੇ ਮੇਰੇ ਨੈਣ ਭਾਰੇ ਜਹੇ ।

... ...
... ...

ਪਿਆਰ ਦੀ ਬੇ-ਰਸੀ, ਬੇਵਫਾਈ ਤੇਰੀ,
ਮਿਠੇ ਮਿਠੇ ਜਹੇ ਝੂਠੇ ਲਾਰੇ ਜਹੇ ।
ਯਾਦ ਆਈਆਂ ਸਭੇ ਬਖਸ਼ਿਸਾਂ ਤੇਰੀਆਂ,
ਹੋ ਗਏ ਨੇ ਮੇਰੇ ਨੈਣ ਭਾਰੇ ਜਹੇ ।
ਮੇਰੇ ਚਾਵਾਂ ਦੇ ਪੈਂਡੇ ਰਹੇ ਤਰਸਦੇ,
ਮੇਰੇ ਨੈਣਾਂ ਦੇ ਵਿਹੜੇ ਸ਼ਿੰਗਾਰੇ ਰਹੇ ।
ਮੇਰੇ ਅੰਬਰ ਤੇ ਚੜ੍ਹਿਆ ਨਾਂ ਚਨ ਕੋਈ ਵੀ,
ਐਵੇਂ ਰਾਹਾਂ ਚ ਤਾਰੇ ਖਿਲਾਰੇ ਰਹੇ ।
ਤੇਰੇ ਬੁਲ੍ਹਾਂ ਚੋਂ ਅਮ੍ਰਿਤ ਦਾ ਘੁਟ ਭਰਨ ਨੂੰ,
ਮੇਰੇ ਬੁਲ੍ਹਾਂ ਦੀ ਤ੍ਰਿਸ਼ਨਾ ਝੁਰਕਦੀ ਰਹੀ ।
ਤੇਰੀ ਨਾਜ਼ਕ ਕਲਾਈ ਦੀ ਵਲਗਣ ਲਈ,
ਛੋਹ, ਵਿਲਕਦੀ ਰਹੀ, ਅੰਗ ਮੁਰ੍ਹਕਦੀ ਰਹੀ ।
ਨਾਂ ਪਈ ਨੈਣ-ਸੇਜਾ ਤੇ ਸਿਲਵਟ ਕਦੇ,
ਬੂਹੇ ਪਲਕਾਂ ਦੇ ਖੁਲ੍ਹੇ ਰਹੇ ਗੋਰੀਏ ।
ਸ਼ੌਕ ਰਾਹਾਂ ਦੇ ਅੰਦਰ ਹੀ ਉਲਝੇ ਰਹੇ,
ਆਪਣੀ ਮੰਜ਼ਲ ਨੂੰ ਭੁਲੇ ਰਹੇ ਗੋਰੀਏ ।

... ...
... ...

ਇਕ ਦੀਵਾਨਗੀ ਜਹੀ ਵਿਚ ਲਟ ਬਉਰਾ ਹੋਇਆ । ਕਿਨਾਂ ਹੀ ਚਿਰ ਮੈਂ ਇਹ ਕਵਿਤਾ ਗਾਂਦਾ ਰਿਹਾ । ਫਿਰ ਜ਼ਰਾ ਸੁਚੇਤ ਹੋਇਆ । ਇਹ ਕਿਸਦੀ ਕਵਿਤਾ ਹੈ ?

ਅੰਦਰੋਂ ਉੱਤਰ ਮਿਲਿਆ—ਤਾਰਾ ਸਿੰਘ ਕਾਮਲ ਦੀ । ਤਾਰਾ ਸਿੰਘ ਦਾ ਨਾਂਅ ਜ਼ਿਹਨ ਵਿਚ ਉਭਰਿਆ ਤਾਂ ਯਾਦਾਂ ਮੈਨੂੰ ਬਾਹੋਂ ਫੜਕੇ ਦਿਲੀ ਲੈ ਗਈਆਂ ।

੧੯੫੩ ਦੇ ਦਿਨ ਸਨ । ਮੈਂ ਬਦਲੀ ਹੋਕੇ ਦਿਲੀ ਨਵਾਂ ਨਵਾਂ ਆਇਆ ਸਾਂ । ਪਤ ਲਗਾ ਕਿ ਦਿਲੀ ਵਿਚ ਵਸਦੇ ਪੰਜਾਬੀ ਲੇਖਕਾਂ ਨੇ ਇਕ ਪੰਜਾਬੀ ਸਾਹਿਤ ਸਭਾ ਬਨਾਈ ਹੋਈ ਹੈ ਤੇ ਹਰ ਐਤਵਾਰ 'ਪਰਸ਼ੀਅਨ ਸੁਕੇਅਰ' ਵਿਖੇ ਗਿਆਨੀ ਹਰੀ ਸਿੰਘ ਦੇ ਘਰ ਉਹਨਾਂ ਦੀ ਇਕੱਤਰਤਾ ਹੁੰਦੀ ਹੈ । ਇਕ ਸ਼ਾਮ ਰਾਹ ਪੁਛਦਾ ਪੁਛਾਂਦਾ ਮੈਂ ਗਿਆਨੀ ਹੁਰਾਂ ਦੇ ਘਰ ਜਾ ਪੁਜਾ । ਮੀਟਿੰਗ ਚਲ ਰਹੀ ਸੀ । ਕੱਣਕ ਵਨੇਂ ਰੰਗ ਦਾ ਇਕ ਰਿਸ਼ਟ ਪੁਸ਼ਟ ਜਿਹਾ ਜੁਆਨ, ਵਿਰਲੀ ਜਹੀ ਦਾੜ੍ਹੀ ਤੇ ਚੌੜੇ ਮਥੇ ਵਾਲਾ, ਗੋਡਿਆਂ ਨੂੰ ਬਾਹਾਂ ਦੀ ਕੜਿੰਗੜੀ ਪਾਕੇ ਬੈਠਾ, ਮੋਟੇ ਸ਼ੀਸ਼ਿਆਂ ਦੀ ਐਨਕ ਵਿਚੋਂ ਚੁਫੇਰੇ ਝਾਕ ਰਿਹਾ, ਬੜੇ ਠਰ੍ਹਮੇਂ ਨਾਲ ਆਪਣੀ ਕਵਿਤਾ ਸੁਣਾ ਰਿਹਾ ਸੀ :—

ਪਿਆਰ ਤੇਰਾ ਜੀਵਨ ਵਿੱਚ ਮੈਨੂੰ,
ਕੁੱਲ ਏਨਾ ਚਿਰ ਮਿਲਿਆ—

Sri Satguru Jagjit Singh Ji Elibrary NamdhariElibrary@gmail.com

ਜੇਠ ਹਾੜ ਦੀ ਰੁੱਤੇ,
ਜਿਉਂ ਥੱਲ ਭੁਜਦੇ ਸਿਖਰ ਦੁਪਹਿਰੇ,
ਇਕ ਕਿਣਕੇ ਦੇ ਉਤੋਂ,
ਅੱਕ-ਕੱਕੜੀ ਦਾ ਫੰਭਾ ਉਡਦਾ
ਪੱਲ-ਛਿਣ ਛਾਂ ਕਰ ਜਾਵੇ।

... ...

... ...

ਕਾਹਦਾ ਮਾਣ ਕਰੇ ਕੋਈ ਦਿਲ ਤੇ,
ਕੀ ਕੋਈ ਬਨ੍ਹੇ ਦਾਹਵੇ ?
ਪੱਲਾ ਸਬਰ ਮੇਰੇ ਦਾ ਦਿਲ ਤੋਂ,
ਏਦਾਂ ਛੁਟ ਛੁਟ ਜਾਵੇ—
ਜਿਉਂ ਕਣਕਾਂ ਦੇ ਵਢਾਂ ਦੇ ਵਿਚ,
ਨਿਕਾ ਜਿਹਾ ਪੋਲੀ ਦਾ ਬੂਟਾ,
ਜੁੰਡਾਂ ਦੇ ਵਿਚ ਫਸਿਆ ਹੋਵੇ,
ਹਵਾ ਦੇ ਧਫਿਆਂ ਨਾਲ ਵਿਚਾਰਾ,
ਕਦੇ ਫਸੇ, ਛੁੱਟ ਜਾਵੇ,
ਫਸ ਜਾਵੇ, ਛੁਟ ਜਾਵੇ।

... ...

... ...

ਇਹ ਤਾਰਾ ਸਿੰਘ ਕਾਮਲ ਸੀ। ਕਵਿਤਾ ਦੀ ਉਸਨੂੰ ਭਰਪੂਰ ਦਾਦ ਮਿਲੀ। ਉਹਦੇ ਨੈਣ ਨਸ਼ਿਆਏ ਗਏ ਸਨ ਤੇ ਬੋਲਾਂ ਵਿਚ ਇਕ ਤਰਲਤਾ ਸੀ। ਮੈਨੂੰ ਲਗਾ ਇਹ ਬੰਦਾ ਪਿਆਰ ਕੀਤੇ ਜਾਣ ਦੇ ਕਾਬਲ ਹੈ। ਪਰ ਸੈਨਿਕ ਜੀਵਨ ਦੀਆਂ ਕੁਝ ਬੰਦਸ਼ਾਂ ਸਨ ਕਿ ਮੈਂ ਬਹੁਤੀ ਖੁਲ੍ਹ ਲੈਣੋਂ ਝਿਜਕਦਾ ਸਾਂ, ਏਸ ਲਈ ਰਸਮੀਂ ਜਹੇ ਬੋਲਾਂ ਤੋਂ ਵੱਧ ਹੋਰ ਕੋਈ ਗਲ ਬਾਤ ਨਾ ਹੋਈ, ਤੇ ਮੈਂ ਉਸਦੀ ਕਵਿਤਾ ਨੂੰ ਚਿਤਾਰਦਾ, ਉਸਦੀ ਸ਼ਖਸੀਅਤ ਨੂੰ ਆਪਣੇ ਅੰਦਰ ਥਾਂ ਦੇ ਕੇ ਆਪਣੇ ਨਾਲ ਹੀ ਫੌਜੀ ਬੈਰਕਾਂ ਵਿਚ ਲੈ ਆਇਆ।

ਸਾਹਿਤ ਸਭਾ ਦੀਆਂ ਮੀਟਿੰਗਾਂ ਵਿਚ ਜਾਣ ਦਾ ਸ਼ੌਕ ਵਧ ਗਿਆ। ਉਥੇ ਸਮੇਂ ਸਮੇਂ ਕਾਮਲ ਤੋਂ ਉਸਦੀਆਂ ਕਵਿਤਾਵਾਂ ਸੁਣਨ ਦਾ ਮੌਕਾ ਮਿਲਦਾ ਰਿਹਾ :—

੧.

ਇਸ ਤਰਾਂ ਨਹੀਂ ਗੋਰੀਏ ਨਿਭਣੇਂ ਪਿਆਰ,
ਹੱਲ ਨਹੀਂ ਹੋਂਦਾ ਜਦੋਂ ਤਕ ਆਪਣੀਂ ਰੋਟੀ ਦਾ ਸੁਵਾਲ

... ...

... ...

ਰਾਂਝਿਆਂ ਨੂੰ ਮੈਂ ਇੱਕਠੇ ਕਰਾਂਗਾ,
ਪਿਆਰ ਦੀ ਮੰਜ਼ਲ ਤੇ ਪਹੁੰਚਣ ਦੇ ਲਈ।
ਪਿਆਰ ਦੇ ਆਦਰਸ਼ ਲਈ, ਤੂੰ ਗੋਰੀਏ—
ਹੀਰਾਂ ਨੂੰ ਦੇਹ ਪ੍ਰੇਰਨਾ।
ਝੁਗੀਆਂ ਵਿਚ ਪਲ ਰਹੇ ਨੇ ਇੰਕਲਾਬ।

... ...

... ...

੨.

ਜੁੜੀਆਂ ਹੋਇਆਂ ਮਹਿਫਲਾਂ ਉਸੇ ਤਰ੍ਹਾਂ
ਉਵੇਂ ਹੀ ਨਾਚੀ ਦੇ ਪੈਰੀਂ ਘੁੰਗਰੂ—
ਦੇ ਰਹੇ ਨੇ ਸੁਰ, ਤੇ ਤਾਲ।
ਸੰਗੀਤ ਹੈ ਟਕਰਾ ਰਿਹਾ ਦਿਲ ਦੀਆਂ ਤਰਬਾਂ ਦੇ ਨਾਲ।
ਬੋਲਦੀ ਹੈ ਇਸ ਤਰਾਂ ਇਕ ਸਾਜ਼—ਤਾਰ—
ਜਿਸ ਤਰਾਂ ਬਰਸਾਂ ਦਾ ਰੋਗੀ –
ਰੀਂ, ਰੀਂ, ਹੋਵੇ ਕਰ ਰਿਹਾ।
ਨਾਚੀ ਦੀ ਇਕ ਫਿੱਕੀ ਜਹੀ ਮੁਸਕਾਣ ਤੇ,
ਹਾਸਿਆਂ ਦਾ ਉਮੰਡ ਅਉਂਦਾ ਏ ਤੂਫਾਨ।
ਪਿਆਲੀਆਂ ਦੇ ਕੰਢਿਆਂ ਤੇ, ਬਝ ਜਾਵਣ ਕਿੰਗਰੀਆਂ।
ਸ਼ੀਸ਼ਿਆਂ ਵਿਚ ਬੰਦ ਪਰੀਆਂ ਨੱਚ ਪੈਣ।
ਰਾਗਣੀਆਂ, ਲਹਿਰਾਂ ਤੇ ਆਵਣ ਤੁਰਦੀਆਂ।
ਭਿਜ ਜਾਏ ਸਾਰੀ ਫਿਜ਼ਾ ਸੰਗੀਤ ਨਾਲ।
ਰੀਂ, ਰੀਂ, ਕਰਦੀ ਸਾਜ਼ ਦੀ ਉਸ ਤਾਰ ਨਾਲ।
ਫੜ ਕੇ ਮਦਿਰਾ ਦੀ ਪਿਆਲੀ,
ਕੌਣ ਹੰਝੂ ਕੇਰਦਾ ?

੩.

ਮੈਂ ਸ਼ਾਇਦ ਕੋਈ ਕਹਾਣੀ ਛੋਹ ਲਈ ਏ,

Sri Satguru Jagjit Singh Ji Elibrary NamdhariElibrary@gmail.com

ਹਵਾਵਾਂ ਦੇ ਵਿਚ ਇਕ ਹੁੰਘਾਰਾ ਜਿਹਾ ਹੈ।

ਕਹਾਣੀ ਉਸ ਜ਼ਰੂਰ ਛੋਹ ਲਈ ਸੀ, ਤੇ ਹਵਾਵਾਂ ਹੁੰਘਾਰਾ ਵੀ ਭਰ ਰਹੀਆਂ ਸਨ ਪਰ ਜਿਨਾ ਨੂੰ ਹੁੰਘਾਰਾ ਭਰਨਾਂ ਚਾਹੀਦਾ ਸੀ ਉਹਨਾਂ ਵਲੋਂ ਕੋਈ ਹੁਘਾਰਾ ਨਹੀਂ ਸੀ ਭਰਿਆ ਜਾ ਰਿਹਾ। ਹਾਲ ਉਸਦਾ ਇਹ ਸੀ ਕਿ ਜੇ ਦਿਨ ਦੀ ਰੋਟੀ ਮਿਲ ਗਈ ਹੈ ਤਾਂ ਰਾਤ ਨੂੰ ਨਹੀਂ ਤੇ ਜੇ ਰਾਤੀਂ ਮਿਲੀ ਹੈ ਤਾਂ ਦਿਨ ਦੀ ਨਹੀਂ ਮਿਲੀ। ਭੁੱਖ ਤੇ ਬੇਕਾਰੀ ਜਿਵੇਂ ਉਸਦੇ ਨਸੀਬੇ ਵਿਚ ਲਿਖੀਆਂ ਗਈਆਂ ਹੋਣ। ਉਸਦੀ ਪੜ੍ਹਾਈ ਅਧੂਰੀ ਰਹਿ ਗਈ ਸੀ। ਇਹ ਘਰ ਦੀ ਤੰਗੀ ਤੇ ਕਬੀਲਦਾਰੀ ਦਾ ਫਿਕਰ, ਉਸਨੂੰ ਹੁਸ਼ਿਆਰਪੁਰ ਤੋਂ ਦਿਲੀ ਖਿਚ ਲਿਆਏ ਸਨ ਪਰ ਅਜੇ ਵੀ ਇਸਦਾ ਸਾਥ ਨਹੀਂ ਸਨ ਛਡ ਰਹੇ।

ਜ਼ਿੰਦਗੀ ਵਿਚ ਕੋਈ ਥਾਂ ਬਨਾਣ ਲਈ, ਕਿਤੇ ਪੈਰ ਜਮਾਣ ਲਈ ਸਾਰਾ ਸਾਰਾ ਦਿਨ ਉਹ ਸੜਕਾਂ ਤੇ ਗੁਜ਼ਾਰ ਦੇਂਦਾ ਸੀ ਤੇ ਰਾਤਾਂ ਵੇਲੇ ਜਦੋਂ ਉਹ ਆਪਣੇ ਬਿਸਤਰੇ ਵਿਚ ਮੁੜਦਾ ਉਹਦਾ ਵਾਹ ਪੈਂਦਾ ਉਹਦੇ ਅੰਦਰੋਂ ਉਗਮੀਂ ਭਾਵਾਂ ਦੀ ਭੀੜ ਨਾਲ। ਘਰ ਦਾ ਮੋਹ, ਮਾਂ ਦਾ ਵਿਛੋੜਾ, ਦੋਸਤਾ ਦੀ ਤੋਤਾ ਚਸ਼ਮੀ, ਅਸਫਲ ਪਿਆਰ ਦੇ ਹੌਕੇ, ਰੋਟੀ ਦੀ ਚਿੰਤਾ, ਪਿਆਰ ਛਿਣਾਂ ਵਿਚ ਮਾਣੀਂ ਭਰਪੂਰ ਜ਼ਿੰਦਗੀ ਦਾ ਸੁਆਦ। ਆਸ਼ਾ, ਨਿਰਾਸ਼ਾ, ਉਦਾਸੀ, ਉਮਾਹ, ਸਧਰਾਂ, ਉਮੰਗਾਂ, ਵਿਚ ਘਿਰਿਆ ਕਾਮਲ ਕਵਿਤਾ ਦੀ ਕੁਠਾਲੀ ਪੈਂਦਾ ਤੇ ਦਿਨ ਚੜ੍ਹਦੇ ਨੂੰ ਕਿਸੇ ਨਵੀਂ ਕਵਿਤਾ ਦੇ ਰਚੇ ਜਾਣ ਦਾ ਮਾਣ ਦਿਲ ਵਿਚ ਲੈ ਉਹ ਫਿਰ ਤੋਂ 'ਚੜ੍ਹਦੀ ਕਲਾ' ਦਾ ਸੁਆਮੀ ਬਣ ਪੂਰਨ ਸ੍ਵੈ-ਭਰੋਸੇ ਨਾਲ ਰੋਟੀ ਦੀ ਭਾਲ ਵਿਚ ਸੜਕ ਸੁਵਾਰ ਹੋ ਜਾਂਦਾ :—

ਆਈਆਂ ਬਿਜਲੀਆਂ, ਬੇੜੀ ਲਈ ਤੂਫਾਨ ਆਇਆ ਹੈ
ਸ਼ੁਕਰ ਹੈ, ਸ਼ੌਕ ਦੀ ਤਾਮੀਰ ਦਾ ਸਾਮਾਨ ਆਇਆ ਹੈ।
ਖਿਆਲੀ ਦੇਖ ਰੱਟਣਾਈ, ਕਿਹਾ ਰਬ ਨੇ ਅਰਸ਼ੀਆਂ ਨੂੰ,
ਨਸੀਬਾਂ ਵਾਲਿਉ, ਦਰਸ਼ਣ ਕਰੋ, ਭਗਵਾਨ ਆਇਆ ਹੈ।

ਤੇ

ਭਾਰ ਸ੍ਵੈ-ਅਗਨੀ ਤੇ ਚਾ ਕੇ,
ਵਿਸ਼ਵ-ਨੂਰ ਦਾ ਸਾਰਾ
ਆਪੇ ਚਮਕ ਪਵੇਗਾ ਰਾਤੀਂ,
ਕੋਈ ਜੁਗਨੂੰ ਕੋਈ ਤਾਰਾ।
ਆਪੇ ਵਿਨ੍ਹ ਨੂਰੇ ਦਾ ਸੀਨਾ,
ਕਿਰਨ ਮਹਿਕ ਪਊ ਕੋਈ।।
ਆਪੇ ਰੋਣ ਮੇਰੇ ਚੋਂ ਹਿਚਕੀ,
ਬਣ ਜਾਊ ਦਿਲਜੋਈ।
ਆਪੇ ਰੌਸ਼ਨ ਕਰ ਜਾਊ ਆਲਮ,
ਨੱਚਦਾ ਕੋਈ ਚੰਗਿਆੜਾ।
ਭਾਰ ਸ੍ਵੈ-ਅਗਨੀ ਤੇ ਚਾ ਕੇ,
ਵਿਸ਼ਵ-ਨੂਰ ਦਾ ਸਾਰਾ।
ਆਪੇ ਚਮਕ ਪਵੇਗਾ ਰਾਤੀਂ,
ਕੋਈ ਜੁਗਨੂੰ, ਕੋਈ ਤਾਰਾ।

੧੯੫੩ ਤੋਂ ਹੁਣ ਤਕ ਚੌਥਾਈ ਸਦੀ ਬੀਤ ਗਈ ਹੈ। ਕਾਮਲ ਦੀ ਕਵਿਤਾ ਕਈ ਮੰਜ਼ਲਾਂ ਤਹਿ ਕਰ ਆਈ ਹੈ। ਉਸਦੀ ਪਰਪਕ, ਉਚੀ ਤੇ ਸੁਚੀ ਕਿਰਤ ਦਾ ਮੂਲ ਅੰਕਣ ਕਰਨ ਲਈ ਦਰਅਸਲ ਤੇ ਕਿਸੇ ਵਿਦਵਾਨ ਦੇ ਹਥ ਕਲਮ ਚਾਹੀਦੀ ਹੈ। ਮੈਂ, ਸਾਧਾਰਨ ਜਿਹਾ ਬੰਦਾ ਉਸਦੀ ਰਚਨਾ ਨਾਲ ਇਨਸਾਫ ਨਹੀਂ ਕਰ ਸਕਾਂਗਾ, ਤਾਂਵੀਂ ਕਲਮ ਚੁਕੀ ਹੈ ਤਾਂ ਕੁਝ ਤਾਂ ਕਹਿਣਾ ਹੀ ਪਵੇਗਾ।

ਵੱਡਾ ਗੁਣ ਜੋ ਕਾਮਲ ਕੋਲ ਹੈ ਉਹ ਹੈ 'ਕਵਿਤਾ ਲਈ ਢੁਕਵੀਂ ਸ਼ਬਦਾਵਲੀ।' ਜੇ ਵਾਰਤਕ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਮ ਵਰਤੀਂਦੀ, ਸਾਦਾ, ਜਨ ਜੀਵਨ ਦੀ ਬੋਲੀ ਵਰਤੀਏ ਤਾਂ ਕਵਿਤਾ ਲਈ ਇਹ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਵਿਚ ਅਜੇਹੇ ਸ਼ਬਦ ਵਰਤੇ ਜਾਣ, ਜੋ ਸਾਦਾ, ਸਮਝ ਵਿਚ ਆ ਸਕਣ ਵਾਲੇ, ਭਾਵ ਦੀ ਗਹਿਰਾਈ ਨੂੰ ਦਰਸਾਂਦੇ, ਸੰਖੇਪਤਾ, ਤਰਲਤਾ ਦੇ ਗੁਣ ਰਖਦੇ ਹੋਣ। ਉਹਨਾਂ ਵਿਚ ਰਾਗਆਤਮੱਕਤਾ ਹੋਵੇ। ਸ਼ਬਦਾਂ ਦੀ ਇਹ ਦਾਤ ਬਹੁਤ ਥੋੜੇ ਪੰਜਾਬੀ ਕਵੀਆਂ ਦੇ ਹਿਸੇ ਆਈ ਹੈ ਜਿਨ੍ਹਾ ਵਿਚੋਂ ਕਾਮਲ ਵੀ ਇਕ ਵਡਭਾਗਾ ਕਵੀ ਹੈ। ਇਕ ਮਿਸਾਲ ਲੈਂਦੇ ਹਾਂ :—

ਬੜੇ ਅਧਭੁਤ ਜਹੇ ਰੰਗਾਂ ਦੀ,
ਰਾਤੀਂ ਭੀੜ ਜੁੜਦੀ ਹੈ।
ਤ੍ਰੇਲੇ ਰਸਤਿਆ ਵਿਚ,
ਚਾਨਣੀ ਦੀ ਧੂੜ ਉੜਦੀ ਹੈ।
... ...

Sri Satguru Jagjit Singh Ji Elibrary NamdhariElibrary@gmail.com

ਹੁਣੇ ਮਹਿਕੇ ਹੋਏ ਜਿਸਮਾਂ ਦੇ—
ਬੰਦਨਵਾਰ ਖੁਲ੍ਹ ਜਾਣੇ।
ਹੁਣੇ ਰਸ, ਰੰਗ, ਸਰੀਰਾਂ ਦੇ,
ਸਰੀਰਾਂ ਵਿਚ ਡੁਲ੍ਹ ਜਾਣੇ।
ਹੁਣੇ ਕੁਝ ਅਮਰ ਹੋ ਜਾਣਾਂ,
ਹੁਣੇ ਕੁਝ ਨਾਸ਼ ਹੋ ਜਾਣਾ।
ਹਨੇਰੀ ਰੂਹ ਵਿਚ
ਆਨੰਦ ਦਾ ਪ੍ਰਕਾਸ਼ ਹੋ ਜਾਣ।

ਇਸਤਰੀ ਤੇ ਮਰਦ ਦੇ ਮਿਲਣ-ਛਿਣਾਂ ਦਾ ਅਜਿਹਾ ਖੂਬਸੂਰਤ, ਏਡਾ ਪ੍ਰਭਾਵਸ਼ਾਲੀ, ਏਨਾਂ ਸੂਖਸ਼ਮ, ਤੇ ਇਹੁ ਜਿਹਾ ਸੁਹਜਮਈ ਬਿਆਨ ਕਿਥੇ ਮਿਲੇਗਾ? ਕੀ ਏਡੇ ਨੰਗੇ ਸੱਚ ਨੂੰ ਪੜ੍ਹਕੇ ਵੀ ਕੋਈ ਇਸ ਉਤੇ ਅਸ਼ਲੀਲਤਾ ਦਾ ਲੇਬਲ ਲਾਣ ਦੀ ਜੁਰੱਅਤ ਕਰ ਸਕਦਾ ਹੈ?

ਦੂਜਾ ਵੱਡਾ ਗੁਣ ਹੈ ਕਾਮਲ ਦਾ 'ਵਿਸ਼ੇ ਉਤੇ ਪਕੜ।' ਉਹ ਕੋਈ ਗੱਲ ਕਹਿਣ ਤੋਂ ਪਹਿਲਾਂ ਉਸਨੂੰ ਜਿਉਂਦਾ ਹੈ। ਉਸਦੀ ਅੰਤਰੀਵ ਗਹਿਰਾਈ ਤਕ ਜਾਂਦਾ ਹੈ। ਆਖਰੀ ਸੀਮਾ ਨੂੰ ਛੂਹੰਦਾ ਹੈ। ਭਾਵ ਕੁਠਾਲੀ ਵਿਚ ਪੈਕੇ ਆਪ ਕਵਿਤਾ ਹੋ ਜਾਂਦਾ ਹੈ ਤੇ ਫੇਰ ਉਸਨੂੰ ਮੂਹੋਂ ਕਢਦਾ ਹੈ, ਤੇ ਇੰਜ ਉਸਦੀ ਕਵਿਤਾ ਪਾਠਕ – ਮਨ ਤੇ ਗਹਿਰਾ ਪ੍ਰਭਾਵ ਛਡਦੀ ਹੈ। ਪਾਠਕ ਨੂੰ ਆਪਣੇ ਨਾਲ ਓਤ ਪ੍ਰੋਤ ਕਰ ਲੈਂਦੀ ਹੈ। ਪਾਠਕ ਨੂੰ ਮਹਿਸੂਸ ਹੋਂਦਾ ਹੈ ਕਿ ਸਚ ਮੁਚ ਹੀ ਉਸ ਕੁਝ ਜੀਵਿਆ ਹੈ। ਇਕ ਕਵਿਤਾ ਲੈਂਦੇ ਹਾਂ—ਕਵੀ ਨੂੰ ਪ੍ਰੇਮਕਾ ਵਲੋਂ ਖਤ ਦੀ ਉਮੀਦ ਸੀ, ਇੰਤਜ਼ਾਰ ਸੀ। ਉਹ ਖਤ ਆ ਗਿਆ ਹੈ। ਖੋਲ੍ਹਿਆ ਹੈ। ਆਸ ਸੀ, ਦਿਲ ਦੀ ਧੜਕਣ ਕਹਿੰਦੀ ਸੀ ਇਸ ਖਤ ਵਿਚ ਪਿਆਰ ਦਾ ਇਜ਼ਹਾਰ ਹੋਵੇਗਾ, ਮਿਲਣ ਦਾ ਇਕਰਾਰ ਹੋਵੇਗਾ। ਦਿਲ ਦੀ ਗਲ ਕਹੀ ਗਈ ਹੋਵੇਗੀ। ਇਸ ਖਤ ਵਿਚ ਬਿਰਹੋਂ ਕੁਠੇ ਮਨ ਦਾ ਸੇਕ ਹੋਵੇਗਾ, ਮਿਲਣ ਦੀ ਬਹਿਬਲਤਾ ਹੋਵੇਗੀ। ਪਰ ਇਹ ਕੀ? ਬਿਲਕੁਲ ਸਾਧਾਰਨ ਜਹੇ ਸ਼ਬਦ ਆਮ ਜਿਹਾ ਖਤ, ਕਵੀ ਮਨ ਦੀ ਤ੍ਰਿਪਤੀ ਨਹੀਂ ਹੋਈ, ਤ੍ਰਿਸ਼ਨਾ ਨਹੀਂ ਗਈ ਪ੍ਰੇਮਕਾ ਦੇ ਇਕ 'ਨਾਂਅ' ਤੋਂ ਬਗੈਰ ਉਸ ਲਈ ਹੋਰ ਕੋਈ ਸ਼ਬਦ ਮਹੱਤਤਾ ਵਾਲਾ ਨਹੀ :—

ਔਹ ਹੁਣੇ ਤੇਰਾ ਖਤ ਖੋਲ੍ਹ ਕੇ ਦੇਖਿਆ
ਹੋਰ ਕੁਝ ਵੀ ਨਹੀਂ, ਬਸ ਤੇਰਾ ਨਾਮ ਹੈ।
ਜਾਂ ਮੁਹੱਬਤ ਹੈ ਇਹ, ਜਾਂ ਕਰਾਮਾਤ ਹੈ।
ਜਾਂ ਸੁਨੇਹਾ ਹੈ ਇਹ, ਜਾਂ ਮੁਲਾਕਾਤ ਹੈ।
ਜਾਂ ਤੇਰੇ ਰੰਗ ਦਾ ਸ਼ਰਬਤੀ ਸ਼ਬਦ ਹੈ।
ਜਾਂ ਮਿਤੀ ਰਹਿਤ ਵਸਲਾਂ ਦਾ ਇਕਰਾਰ ਹੈ।
ਜਾਂ ਅਸਾਡੇ ਤਅੱਲੁਕ ਦਾ ਇਕਰਾਰ ਹੈ।
ਜਾ ਅਸਾਡੇ ਤਅੱਲੁਕ ਤੋਂ ਇਨਕਾਰ ਹੈ।
ਔਹ ਹੁਣੇ ਤੇਰਾ ਖਤ ਖੋਲ ਕੇ ਦੇਖਿਆ,
ਹੋਰ ਕੁਝ ਵੀ ਨਹੀਂ ਬਸ ਤੇਰਾ ਨਾਮ ਹੈ।
ਦਸਤਖਤ ਪਾਉਣ ਵੇਲੇ, ਤੂੰ ਕੀ ਸੋਚਿਆ?
ਇਹ ਨ-ਸ਼ਬਦਾ ਜਿਹਾ ਖਤ, ਕਿਉਂ ਤੋਰਿਆ?
ਸ਼ਬਦ ਨੂੰ ਭਾਵ ਚੁਕਣ ਤੋਂ ਇਨਕਾਰ ਹੈ?
ਭਾਵ ਨੂੰ ਬੁਧ ਨਿਖੇੜਨ ਤੋਂ ਲਾਚਾਰ ਹੈ?
ਜਾਂ ਸਮਰਪਣ ਜਿਹਾ ਕੋਈ ਸੰਕਲਪ ਹੈ?
ਜਾਂ ਬੀਆ ਬਾਨ ਸੁਨਸਾਨ ਮੰਝਧਾਰ ਹੈ?
ਔਹ ਹੁਣੇ ਤੇਰਾ ਖਤ ਖੋਲ੍ਹ ਕੇ ਵੇਖਿਆ,
ਹੋਰ ਕੁਝ ਵੀ ਨਹੀਂ ਬਸ ਤੇਰਾ ਨਾਮ ਹੈ।

... ...

... ...

ਅੱਜ ਦੀ ਬੇ-ਤਰਤੀਬ ਹੋ ਗਈ ਉਖੜੀ ਪੁਖੜੀ ਤੇ ਆਪੋ ਧਾਪੀ ਦੁਨੀਆਂ ਵਿਚ ਮਨੁਖ ਆਪਣੇ ਵਿਚਲੇ 'ਪ੍ਰਥਮ ਪੁਰਸ਼' ਨੂੰ ਕਿਤੇ ਪਿਛੇ ਧਕੇਲ ਕੇ ਆਪ ਇਕ ਵਖਾਵੇ ਦਾ ਮਖੌਟਾ ਪਾਈ, ਚਮਾਨੇਸਾਜ਼ੀ ਦਾ ਲਬਾਦਾ ਓੜੀ, ਪਖੰਡੀ ਤੇ ਝੂਠ ਫਰੇਬ ਦਾ ਜੀਵਨ ਜਿਉਂ ਰਿਹਾ ਹੈ। ਤਦ ਵੀ ਇਹ 'ਪ੍ਰਥਮ ਪੁਰਸ਼' ਕਦੇ ਕਦਾਈਂ ਸਿਰ ਚੁਕ ਬਹਿੰਦਾ ਹੈ ਤੇ ਮਨੁਖ ਵਲੋਂ ਜੀਵੀ ਜਾ ਰਹੀ ਇਸ ਦੋਗਲੀ ਜ਼ਿੰਦਗੀ ਤੇ ਲਾਹਨਤ ਭੇਜਦਾ ਹੈ :—

ਮੈਂ ਹੋਟਲ ਵਿਚ ਬੈਠਾ
ਇਕ ਮਿਤਰ ਨੂੰ ਚਿਠੀ ਭੇਜ ਰਿਹਾ ਹਾਂ
ਇਕ ਅੱਧ ਕੰਕਰ-ਸ਼ਬਦ ਹਨੇਰੇ ਜਾ ਪਈ
ਇਕ ਆਕਾਰ ਤ੍ਰਭਕ ਸੰਬੋਧਨ ਹੋਇਆ :—
"ਨਿਰਾ ਝੂਠ—ਬਕਵਾਸ, ਬਦੀ ਦਾ ਉਹਲਾ
ਮੇਰੀ ਗਲ ਅਜੇ ਵੀ ਤੂੰ ਨਾ ਕੀਤੀ।
ਇਹ ਤੇਰੀ ਪ੍ਰਸ਼ੰਸਾ,

Sri Satguru Jagjit Singh Ji Elibrary NamdhariElibrary@gmail.com

ਫੁਲਾਂ ਹੇਠਾਂ ਜ਼ਹਿਰ ਬੁਝਾਇਆ ਖੰਜਰ ਜਿਵੇਂ ਲੁਕਾਇਆ ।
ਤੂੰ ਨਾ ਮਨੇ,—ਪਰ ਮੈਂ ਤਾਂ ਇਹ ਜਾਣਾ,
ਮਿੱਤਰ ਦੀ ਪਤਨੀ ਦੇ ਅੰਗ ਗੰਧਲਾਏ
ਕਾਮੀ ਨਜ਼ਰਾਂ ਨਾਲ ਤੂੰ ਭੋਗ ਰਿਹਾ ਹੈਂ ।
ਘੋਰ ਨਿਰਾਸ਼ਾ ਵੇਲੇ
ਆਪਣੀ ਮੋਈ ਪਿਆਰੀ ਮਾਂ ਨੂੰ ਚੇਤੇ ਕਰ ਕਰ ਰੋਏਂ
ਮਾਵਾਂ—ਠੰਢੀਆਂ ਛਾਵਾਂ.........
ਪਰ—ਉਸ ਛਾਂ ਨੇ ਵੀ ਇਕ ਵਾਰੀ
ਭੁੱਖੇ ਨੂੰ ਰੋਟੀ ਨਾ ਦਿਤੀ—ਜਾਕੇ—
ਹੋ ਨਿਸਚਿੰਤ ਪਿਤਾ ਦੀ ਸੇਜੇ ਸੁਤੀ ।
ਏਥੇ ਵੀ ਅੰਗਿਆਰ ਜਿਹਾ ਇਕ ਹਾਉਕਾ ।
ਮੈਂ ਤੇਰੇ ਮਸਤਕ ਦੇ ਵਿਚ ਪਹੁੰਚਾ
ਪਰ—ਇਹ ਤੇਰੀ ਜੀਭ ਆਗਿਆਕਾਰੀ
ਜਿਸ ਮੇਰੇ 'ਤੇ ਵਿਹੁ ਦੀ ਕੁੰਜ ਖਿਲਾਰੀ
ਤੇਰੇ ਆਖੇ—ਰੰਗ, ਰੂਪ, ਗੁਣ, ਔਗੁਣ—
ਆਪਣਾ ਰੰਗ ਚੜ੍ਹਾ, ਮੇਰੇ ਨਾਂ ਜੋੜੇ ।।"
ਮੈਂ ਕਹਿੰਦਾ ਹਾਂ—
ਪਤਨੀ ਤੇਰੀ ਵਫ਼ਾਦਾਰ ਨਾ ਕੋਈ
ਤੂੰ ਕੀ ਜਾਣੇਂ—ਨ੍ਹੇਰੇ ਦੀ ਗੁੱਠ ਅੰਦਰ
ਬਲਣ ਮਸ਼ਾਲਾਂ ਕਾਲਖ ਰੰਗੀਆਂ
ਚਿਣਗਾਂ ਭਰਿਆ ਅੰਬਰ ।
ਅੰਧਕਾਰ ਦੀ ਭਾਸ਼ਾ ਤੂੰ ਨਾ ਜਾਣੇਂ ।
ਅੰਗ ਲਗਾਵਣ ਵੇਲੇ
ਮੈਂ ਤਾਂ ਤੇਰਾ ਉਕਾ ਸਾਥ ਨਾ ਦੇਵਾਂ
ਤੂੰ ਵਿਦਵਾਨ—ਗਿਆਨ—ਚਗਲ ਕਾ ਦਾਸਾ
ਮੈਂ ਮੌਕੇ ਦਾ ਨੂਰ, ਲੋੜ ਦਾ ਦਾਰੂ
ਸਹਿਮਤ ਨਹੀਂ ।—
ਕਮਜ਼ੋਰ ਰਤਾ ਜੇ ਹੋਵਾਂ .
ਤਦ ਤੂੰ ਅਰਧ—ਮਨੁੱਖਾ ਕੁਝ ਵਧ ਜਾਵੇਂ ।
ਤੂੰ—ਜੋ ਹੁਣੇਂ ਹੁਣੇਂ ਪੱਤਰ ਲਿਖਿਆ ਹੈ
'ਮਿੱਤਰ'—ਸ਼ਬਦ ਮਿਟਾ ਦੇ—ਲਿਖ ਦੇ 'ਵੈਰੀ'
ਖੋਹ ਲੈ ਆਪਣੀ ਜੀਭਾ ਤੋਂ ਸਰਦਾਰੀ
ਮੈਨੂੰ ਮਸਤਕ ਸੂਰਜ ਵਾਂਗ ਦਗਣ ਦੇਹ ।
ਲਘੂ ਮਨੁੱਖ ਜੇ ਆਪਣਾਂ ਆਪ ਪਛਾਣੇਂ
ਇਸ ਜਿਡੀ ਵਡਿਆਈ ਹੋਰ ਨਹੀਂ ਹੈ ।

ਤਾਰਾ ਸਿੰਘ ਮੌਜੀ ਬੰਦਾ ਹੈ, ਜ਼ਿੰਦਾਦਿਲ । ਜਿਥੇ ਬੈਠ ਜਾਵੇ ਰੌਣਕਾਂ ਲਾ ਛਡਦਾ ਹੈ । ਹਸਾਉਣੀਆਂ ਗਲਾਂ ਤੇ ਚੁਟਕਲਿਆਂ ਦਾ ਉਸ ਕੋਲ ਅਮੁਕ ਭੰਡਾਰ ਹੈ । ਉਸਦੇ ਵਿਅੰਗ ਦੀ ਧਾਰ ਬੜੀ ਤਿਖੀ ਹੁੰਦੀ ਹੈ :—

ਬੜਾ ਗ਼ਮ ਹੈ ਮੇਰੇ ਯਾਰਾਂ ਨੂੰ ਮੇਰਾ ।
ਮੇਰੇ ਵਿਹਲੇ ਸਮੇਂ ਦਾ ।
'ਕਹੋ ਇਸਨੂੰ—
ਖ਼ੁਦੀ ਆਪਣੀ ਮਿਟਾਏ ।
ਦਲਿਦੱਰ ਛਡਕੇ ਮਿਹਨਤ ਕਰੇ—ਰੋਟੀ ਕਮਾਏ ।
ਚਲੋ ! ਜੇ ਹੋਰ ਨਹੀਂ —
ਤਾਂ ਬਚਿਆਂ ਦੀ ਗੁਜ਼ਰ ਹੋਏ ।
ਵਿਚਾਰੀ ਲਾਜਵੰਤੀ ਤਨ ਢਕੋਏ ।
ਫਿਰਨਗੇ ਬਾਲ ਇਸਦੇ ਮਾਰੇ ਮਾਰੇ ।
ਇਹਨਾਂ ਨੇ ਕੀ ਭਲਾ ਕਰਜ਼ੇ ਉਤਾਰੇ ।
ਬੜਾ ਦਾਨਾ ਬਣੀ ਫਿਰਦਾ ਹੈ—ਕਾਹਦੀ ਏ ਦਨਾਈ ?
ਕਦੋਂ ਤਕ ਉਸਦੀ ਪਤਨੀ ਦੀ ਘਰ ਵਿਚ ਹੈ ਸਮਾਈ ?
ਕਦੇ ਏਦਾਂ ਕਿਸੇ ਨੇ ਘਰ ਵਸਾਇਐ ?
ਹੈ ਪੱਲੇ ਅਣਖ ਹੀ—ਬਸ । ਹੋਰ ਕੀ ਏ ?
ਨਾ ਇਸਦਾ ਲੂਣ ਆਉਂਦਾ ਏ, ਨਾ ਆਟਾ ।
ਵਿਚਾਰੀ ਲਾਜਵੰਤੀ ਨੂੰ ਬਚਾਉ ।
ਬੜੀ ਕੀਤੀ ਹੈ ਅਬਲਾ ਨੇ ਸਮਾਈ ।
ਬੜਾ ਗ਼ਮ ਹੈ ਮੇਰੇ ਯਾਰਾਂ ਨੂੰ ਮੇਰਾ ।
ਮੇਰੇ ਵਿਹਲੇ ਸਮੇਂ ਦਾ ।

ਤੇ

ਇੱਕ ਉਚੱਟ ਦੀ ਨਜ਼ਰ ਦਾ ਭਿਖਾਰੀ ਸਾਂ ਮੈਂ,
ਤੈਥੋਂ, ਦਿਲ ਵਾਲੀਏ, ਪਰ ਉਹ ਵੀ ਨਾ ਸਰੀ ।

ਦਰਿਸ਼ ਵਰਣਨ :—

ਹੈ ਰਾਤ, ਤੇ ਭਰਪੂਰ ਹੈ ਚਨ, ਕਿਰਨਾਂ ਨੇ ਖਾਮੋਸ਼,
ਬਿਰਛਾਂ ਦੇ ਤਲੇ ਸਹਿਮ ਕੇ ਬੈਠੇ ਨੇ ਹਨੇਰੇ ।
ਅੱਜ ਖੁਲ੍ਹੇ ਪਸਾਰੇ ਤੇ ਪਈ ਚਾਨਣੀ ਊਂਘੇ,
ਘਾਹ-ਤ੍ਰੇਲ ਪਈ ਲਿਸ਼ਕੇ, ਤੇ ਚੁਪ ਚਾਣ ਚੁਫੇਰੇ ।

ਮੁਖ ਤੌਰ ਤੇ ਕੋਮਲ ਨਜ਼ਮ ਦਾ ਸ਼ਾਇਰ ਹੈ, ਪਰ ਉਸਨੇ ਬੜੇ ਪਿਆਰੇ ਗੀਤ ਵੀ ਲਿਖੇ ਹਨ । ਜਿਵੇ :—

Sri Satguru Jagjit Singh Ji Elibrary NamdhariElibrary@gmail.com

ਮਾਏ ਨੀ
ਹਰ ਰਾਤੇ ਇਕ ਚੰਦ ਮਹਿਕਦਾ ਆਣ ।
ਮਾਏ ਨੀ,
ਮਸਤਕ ਤੇ ਪਾਉਂਦਾ ਰੁਸ਼ਨਾਈਆਂ ਜਾਣ ।
ਮਾਏ ਨੀ,
ਮੈਨੂੰ ਸਾਰੀ ਧਰਤੀ ਵੱਤਰੀ ਵੱਤਰੀ ਜਾਪੇ ।
ਮਾਏ ਨੀ,
ਮੈਨੂੰ ਆਉਣ ਸੁਗੰਧੀਆਂ ਆਪਣੇ ਜਿਸਮੋਂ ਆਪੇ ।
ਆਲਸ-ਹਾਰੇ ਵਿਕਟ ਨਿਤੰਭੀਂ,
ਭੰਵਰ ਜਹੇ ਤਰ ਜਾਣ ।
ਮਾਏ ਨੀ, ਹਰ ਰਾਤੇ ਇਕ ਚੰਦ ਮਹਿਕਦਾ ਆਣ ।

ਤੇ ਉਸਨੇ ਬਹੁਤ ਵਧੀਆ ਗ਼ਜ਼ਲਾਂ ਵੀ ਕਹੀਆਂ ਹਨ । ਕੁਝ ਸ਼ੇਅਰ ਮੁਲਾਹਜ਼ਾ ਹੋਣ :—

ਅਰਧ-ਉਣੀਂਦੇ ਸੁਫਨੇ ਆਉਂਦੇ ਲੈ ਕੇ ਖੰਭ ਕਟਾਰ ਜਹੇ
ਵਿਚ ਪਲਾਂ ਦੇ ਉਡ ਪੁਡ ਜਾਂਦੇ ਰੂਹ ਦੇ ਚੈਨ ਕਰਾਰ ਜਹੇ

... ...

ਮਿਹਨਤ ਮਗਰੋਂ ਸ਼ਾਮ ਢਲੇ ਤਾਂ ਮਿਲ ਬੈਠੋ
ਬੇਲੀ ਹੋਵਣ, ਜਾਮ ਚਲੇ ਤਾਂ ਮਿਲ ਬੈਠੋ ।
ਯਾਰਾਂ ਕੋਲੋਂ ਜ਼ਖਮ ਵਸਲੀ ਕਰ ਲਈਏ,
ਲਾਕੇ ਅੱਜ ਦੀ ਸ਼ਾਮ ਗਲੇ ਤਾਂ ਮਿਲ ਬੈਠੋ ।

... ...

ਦਿਲ ਦਾ ਸਬਰ, ਨਜ਼ਰ ਦੀ ਜੋਤੀ,
ਇਹ ਦੋ ਵਸਫ ਕਮਾਲ ਦੇ ।
ਇਕ ਬਖਸ਼ਿਸ਼ ਇਕ ਨਿਰੀ ਸਾਧਨਾ,
ਤੈਂ ਬਿਨ ਕਿਨ੍ਹੂੰ ਵਖਾਲਦੇ ?
ਰੋਸ਼ਨੀਆਂ ਨਾ ਜਾਣ ਮਿਟਾਈਆਂ,
ਇਹ ਦੁਨੀਆਂ ਵਿਚ ਰੀੜ ਰਹੀ,
ਵੈਰੀ ਕਿਰਨ ਬੁਝਾਵਣ, ਆਸ਼ਕ—ਸੌ ਸੌ ਸੂਰਜ ਬਾਲਦੇ ।

... ...

ਸੈਂਕੜੇ ਫੱਟ ਮੇਰੇ ਸੀਨੇ ਚ ਕਿਉਂ ਨੇ ਯਾਰੋ ?
ਕੋਲ ਤੁਹਾਡੇ ਤਾਂ ਇਕ ਜੀਭ ਹੈ, ਤਲਵਾਰ ਨਹੀਂ ।

ਸਮਝ ਨਹੀਂ ਆ ਰਹੀ, ਇਸ ਵਿਲਖਣ ਤੇ ਬਹੁਪੱਖੀ ਕਵੀ ਦੇ ਕਿਹੜੇ ਕਿਹੜੇ ਪੱਖ ਦੀ ਵਿਆਖਿਆ ਕੀਤੀ ਜਾਵੇ । ਉਸਦੀ ਹਰ ਕਵਿਤਾ ਨੂੰ ਉਸਦੀ ਮਾਸਟਰ ਪੀਸ ਕਵਿਤਾ ਕਿਹਾ ਜਾ ਸਕਦਾ ਹੈ । ਉਹ ਪੂਰਨ ਤੌਰ ਤੇ ਇਕ ਸੁਲਝਿਆ ਹੋਇਆ ਤੇ ਚੇਤੰਨ ਕਵੀ ਹੈ । ਕਸਰ ਹੈ ਤਾਂ ਏਨੀਂ ਹੀ ਕਿ ਅਸਾਂ ਉਸਨੂੰ ਪਛਾਣਿਆ ਨਹੀਂ । ਉਹਦੀ ਕਦਰ ਨਹੀਂ ਪਾਈ ।

ਸਾਡੇ ਦੇਸ਼ ਵਿਚ ਸਰਮਾਏਦਾਰੀ ਨਿਜ਼ਾਮ ਸਥਾਪਿਤ ਹੈ, ਜਿਸ ਵਿਚ ਵਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ । ਭਵਿਸ਼ ਸੁਰਖਸ਼ਤ ਨਹੀਂ । ਖੋਹਾ ਮੋਹੀ ਦਾ ਦੌਰ ਹੈ, ਹਰ ਕੋਈ ਦੂਜੇ ਦਾ ਹਕ ਖੋਹਣ ਦੇ ਜਤਨਾਂ ਵਿਚ ਹੈ । ਆਪਾ ਧਾਪੀ ਪਈ ਹੋਈ ਹੈ । ਹਰ ਕੋਈ ਚਾਹੁੰਦਾ ਹੈ ਉਹ ਕਿਸੇ ਨਾ ਕਿਸੇ ਤਰਾਂ ਅਗੇ ਨਿਕਲ ਜਾਏ । ਏਸ ਦੌੜ ਵਿਚ, ਇਸ ਸਥਾਪਤ ਹੋਣ ਦੀ ਲਾਲਸਾ ਵਿਚ ਯੋਗ ਅਯੋਗ ਸਭ ਸਾਧਨ ਅਪਣਾਏ ਜਾ ਰਹੇ ਹਨ ।

ਏਧਰ ਦਾ ਦਿਲ ਓਧਰ ਦਿਲ
ਓਧਰ ਦਾ ਦਿਲ ਏਧਰ ਦਿਲ

ਵਰਗੀਆਂ ਬੇ-ਮਤਲਬ ਚੀਜ਼ਾਂ ਲਿਖਕੇ ਲੋਕ ਪੈਸੇ ਦੇ ਜ਼ੋਰ ਤੇ ਅਖਬਾਰੀ ਅਸਰ ਰਸੂਖ ਵਰਤ ਕੇ 'ਗ਼ਜ਼ਲਾਂ ਦੇ ਬਾਦਸ਼ਾਹ' ਬਣ ਰਹੇ ਹਨ । ਲੀਡਰਾਂ ਦੀਆਂ ਸਿਫਤਾਂ ਵਿਚ ਚਾਰ ਤੁਕਬੰਦੀਆਂ ਕਰਕੇ 'ਰਾਜ ਕਵੀ' ਦੀ ਪਦਵੀ ਮਿਲਦੀ ਹੈ । ਸਾਹਿਤਕ ਜੋੜ ਤੋੜ ਕਰਕੇ 'ਪੰਜ ਹਜ਼ਾਰੀ' ਹੋਵੀਦਾ ਹੈ ਤੇ ਖੁਸ਼ਾਮਦਾਂ ਨਾਲ ਪੁਸਤਕਾਂ ਕੋਰਸਾਂ ਵਿਚ ਲਗਦੀਆਂ ਹਨ ।

ਕੁਝ ਇਕ ਹੋਰ ਲੇਖਕਾਂ ਵਾਂਗ ਕਾਮਲ ਵੀ ਏਸ ਗੰਦੇ ਵਾਤਾਵਾਰਣ ਦਾ ਸ਼ਿਕਾਰ ਹੋਇਆ ਹੈ । ਨਾਂਹ ਉਸਦੀ ਕੋਈ ਪੁਸਤਕ ਕਿਸੇ ਕੋਰਸ ਵਿਚ ਲਗੀ ਹੈ, ਨਾ ਕਿਸੇ ਅਕਾਡਮੀ ਨੇ ਉਸਨੂੰ ਸਤਿਕਾਰਿਆ ਹੈ ਅਤੇ ਨਾ ਹੀ ਸਾਡੇ ਹੋਣਹਾਰ ਤੇ ਦਿਆਨਤਦਾਰ ਆਲੋਚਕਾਂ ਨੇ ਉਸਦਾ ਓਨਾ ਜ਼ਿਕਰ ਕੀਤਾ ਹੈ ਜਿਸਦਾ ਕਿ ਉਹ ਹੱਕਦਾਰ ਸੀ ।

ਕਾਮਲ ਇਕ ਅੱਣਖ ਵਾਲਾ ਕਵੀ ਹੈ । ਉਸ ਹਥਿਆਰ ਨਹੀਂ ਸੁਟੇ । ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਜੂਜਦਾ ਉਹ ਨਿਰੰਤਰ ਕਵਿਤਾ ਦੀ ਸਿਰਜਣਾ ਕਰੀ ਜਾ ਰਿਹਾ ਹੈ । ਹਾਂ, ਆਪਣੀ ਉਪਜੀਵਕਾ ਲਈ, ਆਪਣੀ ਹੋਂਦ ਨੂੰ ਕਾਇਮ ਰਖਣ ਲਈ ਉਸਦੀ ਕਵਿਤਾ ਨੂੰ ਇਕ ਮੋੜ ਵੀ ਲੈਣਾਂ

Sri Satguru Jagjit Singh Ji Elibrary NamdhariElibrary@gmail.com

ਪਿਆ ਹੈ। ਨਿਰੋਲ ਸਾਹਿਤਕ ਸਿਰਜਨਾਂ ਤੋਂ ਇਲਾਵਾ ਅਜ ਕਲ ਉਹ ਹਾਸਰੰਗ ਦੀਆਂ ਕਵਿਤਾਵਾਂ ਲਿਖ ਰਿਹਾ ਹੈ। ਕਿਉਂਕਿ ਇਸ ਨਾਲ ਹੀ ਉਸਨੂੰ ਰੋਟੀ ਮਿਲ ਰਹੀ ਹੈ। ਏਸ ਕਵਿਤਾ ਸਦਕਾ ਹੀ ਉਸਦਾ 'ਲੋਕ ਰੰਗ' (ਸਪਤਾਹਿਕ) ਚਲ ਰਿਹਾ ਹੈ। ਪਰ ਸ਼ੁਕਰ ਦੀ ਗੱਲ ਇਹ ਹੈ ਕਿ ਉਸ ਨੇ ਏਸ ਰੰਗ ਵਿਚ ਵੀ ਆਪਣੀ ਬੌਧਕ ਪੱਧਰ ਨੂੰ ਕਾਇਮ ਰਖਿਆ ਹੈ। ਤੇ ਪੰਜਾਬੀ ਹਾਸ ਰੱਸ ਦੀ ਕਵਿਤਾ ਨੂੰ ਬਜ਼ਾਰੂ ਪਧਰ ਤੋਂ ਚੁਕ ਕੇ ਮੁੜ 'ਸੁਥਰੇ' ਵਾਲੀ ਥਾਂ ਤੇ ਜਾ ਟਿਕਾਇਆ ਹੈ। ਸਗੋਂ ਕਟਾਖਸ਼ ਵਿਚ ਤਾਰਾ ਸਿੰਘ ਵਿਚਲੇ 'ਨਾਥ' ਦੀ 'ਧਾਰ' ਚਰਨ ਸਿੰਘ ਸ਼ਹੀਦ ਦੇ 'ਸੁਥਰੇ' ਨਾਲੋਂ ਕਿਤੇ ਤਿੱਖੀ ਹੈ। ਇਕ ਦੋ ਉਦਾਹਰਣ ਵੇਖੋ :—'ਟਿਕਟਾਂ ਦੀ ਵੰਡ'

ਦੇਵੋ ਅੰਧੀਆਂ ਜੀ ਹਜ਼ੂਰੀਆਂ ਨੂੰ,
ਪੈਸੇ ਵਾਲਿਆਂ ਰਾਜਿਆਂ ਰਾਣਿਆਂ ਨੂੰ।
ਕੁਝ, ਦੇ ਦਿਓ ਡਾਕੂਆਂ ਗੁੰਡਿਆਂ ਨੂੰ,
ਕੁਝ ਦਿਉ ਇਖਲਾਕ ਦੇ ਕਾਣਿਆਂ ਨੂੰ।
ਕੁਝ, ਜਿਨਾਂ ਨੇ ਹੱਥਾਂ 'ਚ ਫੜ ਛਿਤਰ,
ਕੁਝ ਫਿਰਕਾ ਪ੍ਰਸਤੀ ਦੇ ਬਾਣਿਆਂ ਨੂੰ।
ਬਾਕੀ ਰਹਿੰਦੀਆਂ ਓਹਨਾਂ ਦੀ ਪਾਉ ਝੋਲੀ,
ਜਿਹੜੇ ਰੋਜ਼ ਮੱਥੇ ਟੇਕਣ ਥਾਣਿਆਂ ਨੂੰ
ਭਲਾ ਮਾਣਸ ਨਾ ਟਿਕਟ ਕੋਈ ਲੈ ਜਾਵੇ,
ਚੰਗੀ ਤਰਾਂ ਖਿਆਲ ਇਹ ਰੱਖਣਾ ਜੀ।
'ਸ਼ਹ ਮਹਮਦਾ' ਜਿਨਾ ਨੇ ਪਾਏ ਖੱਦਰ,
ਮਜ਼ਾ ਉਹਨਾਂ ਅਜ਼ਾਦੀ ਦਾ ਚੱਖਣਾ ਜੀ।

(ਆਜ਼ਾਦ ਉਮੀਦਵਾਰ ਦਾ ਪ੍ਰੋਗਰਾਮ)

ਕਾਮਯਾਬ ਜੇ ਹੋ ਗਿਆ ਮੈਂ।
ਭੰਨ ਲਵਾਂਗਾ ਆਪਣੀ ਟੈਂ।
ਸਾਦੇ ਸਾਦੇ ਕਪੜੇ ਪਾਊਂ
ਪੈਦਲ ਆਊਂ, ਪੈਦਲ ਜਾਊਂ।
ਮਿੱਠਾ ਬੋਲੂੰ, ਸੀਸ ਨਿਵਾਊਂ।
ਭ੍ਰਿਸ਼ਟਾਚਾਰ ਦਾ ਪਤਾ ਲਗਾਊਂ।
ਕਿਸ ਕਰਕੇ ਕੋਈ ਰਿਸ਼ਵਤ ਦਿੰਦਾ।
ਰੁੱਖਾ ਕਿਦਾਂ ਹੋਂਦਾ ਥਿੰਦਾ।
ਥਾਣੇਦਾਰ ਦਾ ਹਿੱਸਾ ਕਿੰਨਾ।
ਹਿੱਸੇਦਾਰ ਦਾ ਹਿੱਸਾ ਕਿੰਨਾ।
ਕਿਨਾਂ ਮਿਲੇ ਵਜ਼ੀਰਾਂ ਤਾਈਂ।
ਕਿਨਾਂ ਮਿਲੇ ਮਸ਼ੀਰਾਂ ਤਾਈਂ।
ਇਹ ਸਾਰਾ ਕੁਝ ਕਰਕੇ ਯਾਦ।
ਫੇਰ ਕਰਾਂਗਾ ਇਕ ਜਹਾਦ।
ਥਾਣੇਦਾਰ ਨੂੰ ਆਖ ਦਿਆਂਗਾ।
ਭ੍ਰਿਸ਼ਟਾਚਾਰ ਨੂੰ ਆਖ ਦਿਆਂਗਾ।
ਮੈਂ ਲਗਾ ਜੇ ਰੌਲਾ ਪਾਉਣ।
ਮੈਂ ਲਗਾ ਜੇ ਸ਼ੋਰ ਮਚਾਉਣ।
ਨਹੀਂ ਤਾਂ ਕਢ ਦਿਉ ਦਸਵੰਧ।
ਨਹੀਂ ਤਾਂ ਕਰ ਦਊਂ ਚੌੜ ਚੁਬੰਧ।
ਜਨਤਾ ਲੁਟ ਲੁਟ ਖਾਂਦੇ ਪਏ ਓ ?
ਸੇਵਕ ਨੂੰ ਤਰਸਾਂਦੇ ਪਏ ਉ।
ਜਨਤਕ ਸੇਵਕ ਜਾਗ ਪਏ ਨੇ।
ਹਿਸਾ ਲੇਵਕ ਜਾਗ ਪਏ ਨੇ।
ਕੱਲੇ ਲੁਟ ਮਚਾ ਨਹੀਂ ਸਕਦੇ।
ਧਨ ਪਬਲਿਕ ਦਾ ਖਾ ਨਹੀਂ ਸਕਦੇ।
ਪਬਲਿਕ ਦਾ ਮੈਂ ਪਬਲਿਕ ਮੈਨ।
ਬਾਕੀ ਸਾਰੇ ਐਨ ਤੇ ਗੈਨ।
ਮੈਂ ਪਾ ਦੇਵਾਂਗਾ ਤਰਥੱਲੀ।
ਜਨਤਾ ਨੂੰ ਨਾ ਸਮਝਿਉ ਕਲੀ।
'ਸੇਵਕ' ਨਾ ਉੱਠੇ, ਨਾ ਉੱਠੇ।
ਜੇ ਉੱਠੇ, ਤਾਂ ਕਰ ਦਏ ਪੁਠੇ।

(ਅੱਖ ਸ਼ਰਮਾ ਗਈ)

ਗਲੀ ਦੇ ਕੁਤੇ ਦੀ ਅਖ ਸ਼ਰਮਾ ਗਈ।
ਦਲ ਬਦਲੂਆਂ ਦੀ ਜਾਂ ਟੋਲੀ ਆ ਗਈ।

... ...
... ...

ਆਧੁਨਕ ਸ਼ਾਇਰ ਨਹੀਂ ਹੋ "ਨਾਥ ਜੀ",
ਆਪ ਦੀ ਕਵਿਤਾ ਸਮਝ ਵਿਚ ਆ ਗਈ।

ਸਰਮਾਏਦਾਰੀ ਯੁਗ ਵਿਚ ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ ਤਾਂ ਹਮਸਫਰਾਂ ਨਾਲ ਉਸਦੀ ਮੁਕਾਬਲੇ ਦੀ ਦੌੜ ਦਾ ਅੰਤ ਹੋ ਜਾਂਦਾ ਹੈ। ਫਿਰ ਉਹਦੇ ਵਲੋਂ ਅਗੇ ਵਧ ਜਾਣ ਦਾ ਕੋਈ ਖਤਰਾ ਉਹਦੇ ਸਾਥੀਆਂ ਨੂੰ ਨਹੀਂ ਰਹਿ ਜਾਂਦਾ। ਏਸ ਵਾਸਤੇ ਸਾਡੇ ਦੇਸ਼ ਵਿਚ ਵਿਅਕਤੀ ਦੇ 'ਰਬ ਨੂੰ ਪਿਆਰਾ' ਹੋ ਜਾਣ ਬਾਦ ਹੀ ਉਸਦੀ ਕਦਰ ਪੈਂਦੀ ਹੈ।

ਮੈਂ ਸਮੂਹ ਪੰਜਾਬੀ ਪਾਠਕਾਂ ਵਲੋਂ ਤਾਰਾ ਸਿੰਘ ਕਾਮਲ ਨੂੰ ਇਹ ਵਿਸ਼ਵਾਸ ਦੁਆਣਾ ਚਾਹੁੰਦਾ ਹਾਂ ਕਿ ਉਹ ਲਿਖੀ ਜਾਏ, ਲਿਖੀ ਜਾਏ। ਉਹਦੇ ਮਗਰੋਂ ਉਸਦਾ ਵੀ ਇਕ ਸਮਾਰਕ ਅਵਸ਼ ਬਨਾਇਆ ਜਾਵੇਗਾ।

Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED



DEPARTMENT OF AGRICULTURE PUNJAB GOVT
QUALITY
MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

HABI INDUSTRIES (Regd.)

10 Industrial Area

PHAGWARA.–144401 (Pb.)

Sri Satguru Jagjit Singh Ji Elibrary NamdhariElibrary@gmail.com

ਵਰਿਆਮ ਨੂੰ ਸਹਿਯੋਗ

ਗਵਾਲੀਅਰ ਨਿਵਾਸੀ ਸ. ਤਰਲੋਕ ਸਿੰਘ ਜੀ ਦੇ ਸਪੁੱਤਰ ਸ. ਹਰਜੀਤ ਸਿੰਘ ਦਾ ਅਨੰਦ ਕਾਰਜ ਸ. ਕੁਲਦੀਪ ਸਿੰਘ ਜੀ, ਮਾਡਰਨ ਗਨ ਵਰਕਸ ਜੰਮੂ ਵਾਲਿਆਂ ਦੀ ਸਪੁਤਰੀ ਬੀਬੀ ਸੁਖਵੰਤ ਕੌਰ ਨਾਲ ਲਖਨਊ ਵਿਖੇ ਬਸੰਤ ਪੰਚਮੀ ਦੇ ਅਵਸਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ।

ਇਸ ਸਮੇਂ ਸ. ਤਰਲੋਕ ਸਿੰਘ ਜੀ ਵਲੋਂ ੨੧/- ਰੁ. ਅਤੇ ਸ. ਕੁਲਦੀਪ ਸਿੰਘ ਜੀ ਵਲੋਂ ੫੧/- ਰੁ. ਵਰਿਆਮ ਨੂੰ ਸਹਿਯੋਗ ਦਿਤਾ ਗਿਆ।

ਇਸੇ ਸਮੇਂ ਹੀ ਸੰਤ ਸੋਹਨ ਸਿੰਘ ਜੀ ਪਿੰਡ ਅਟਕੋਨਾ ਸਲਾਰਪੁਰ ਜ਼ਿਲਾ ਲਖੀਮਪੁਰ (ਯੂ.ਪੀ.) ਦੀ ਸਪੁਤਰੀ ਬੀਬੀ ਜੁਗਿੰਦਰ ਕੌਰ ਦਾ ਆਨੰਦ ਕਾਰਜ ਸ. ਸਵਰਨ ਸਿੰਘ ਸਪੁਤਰ ਸ. ਕੇਵਲ ਸਿੰਘ ਨਾਲ ਹੋਇਆ। ਸੰਤ ਸੋਹਨ ਸਿੰਘ ਜੀ ਵਲੋਂ ੨੧/- ਰੁ. ਵਰਿਆਮ ਲਈ ਸਹਿਯੋਗ ਵਜੋਂ ਦਿਤੇ ਗਏ।

ਸ. ਰਤਨ ਸਿੰਘ ਸੈਹੰਬੀ ਲੰਡਨ ਯੂ.ਕੇ. ਨਿਵਾਸੀ ਨੇ ਆਪਣੇ ਪਿੰਡ ਮਿੱਠਾ ਪੁਰ (ਜਲੰਧਰ) ਵਿਚ ਅਖੰਡ ਪਾਠ ਕਰਵਾਇਆ, ਪੰਡਤ ਗੋਪਾਲ ਸਿੰਘ ਜੀ ਨੇ ਦੀਵਾਨ ਲਾਇਆ। ਇਸ ਸਮੇਂ ੨੫/- ਰੁ. ਦਾ ਵਰਿਆਮ ਨੂੰ ਸਹਿਯੋਗ ਦਿਤਾ ਗਿਆ।

ਵਧਾਈਆਂ ਅਤੇ ਧਨਵਾਦ—ਮੈਨੇਜਰ

੨੫/- ਰੁਪੈ ਸੂਬਾ ਸੇਠ ਜੈਮਲ ਸਿੰਘ ਜੀ ਮੰਡੀ (ਹਿਮਾਚਲ) ਵਾਲਿਆਂ ਦੇ ਨੌਜੁਆਨ ਸਪੁਤਰ ਡਾਕਟਰ ਅਵਨਿੰਦਰ ਸਿੰਘ ਜੀ ਦੇ ਭੋਗ ਸਮੇਂ ਵਰਿਆਮ ਨੂੰ ਦਿਤੇ ਗਏ।

ਡਾਕਟਰ ਅਵਨਿੰਦਰ ਸਿੰਘ ਜੀ ਸੇਵਾ ਸੁਭਾਓ ਵਾਲੇ ਅਤੇ ਗਰੀਬਾਂ ਦੀ ਮਦਦ ਕਰਨ ਵਾਲੇ ਹਰਮਨ ਪਿਆਰੇ ਵਿਅਕਤੀ ਸਨ। ਜੁਆਨੀ ਵਿਚ ਹੀ ਆਪ ਕੈਂਸਰ ਦੇ ਰੋਗ ਕਾਰਨ ਆਲ ਇੰਡੀਆ ਇੰਸਟੀਚਯੂਟ ਆਫ ਮੈਡੀਕਲ ਸਇੰਸਿਜ਼ ਨਵੀ ਦਿੱਲੀ ਵਿਖੇ ਚੜ੍ਹਾਈ ਕਰ ਗਏ। ਐਡੀਟਰ ਅਤੇ ਅਦਾਰਾ ਵਰਿਆਮ ਸੂਬਾ ਜੀ ਦੇ ਪਰਿਵਾਰ ਦੇ ਗ਼ਮ ਨੂੰ ਆਪਣਾ ਦੁਖ ਅਨੁਭਵ ਕਰਦਿਆ ਡੂੰਘਾ ਅਫਸੋਸ ਪ੍ਰਗਟ ਕਰਦੇ ਹਨ ਅਤੇ ਡਾਕਟਰ ਸਾਹਿਬ ਜੀ ਦੀ ਆਤਮਾ ਦੀ ਸਦਗੱਤੀ ਲਈ ਅਰਦਾਸ ਕਰਦੇ ਹਨ। —ਮੈਨੇਜਰ

FOR BEST QUALITY & PERFORMANCE
Ask for
JAYSON PRODUCTS



- ELECTRIC MOTORS
- GRINDERS
- POLISHERS
- EXHAUST FANS

Show Room :

JAYSON SALES CORPN.
3832/10 Shardha Nand Marg
(G. B. Road)
Behind M. C. Primary School,
NEW DELHI-110006.
Phone : 525795

Manufacturers

Jayson Electric Company

Factory :

WH-2, PHASE 1
Industrial Area,
Sat Guru Ram Singh Marg,
Maya Puri, NEW DELHI-110064

Sister concern :

Jayson Enterprises

WH-4, Phase 1
Industrial Area,
Sat Guru Ram Singh Marg,
Maya Puri, NEW DELHI-110064

Sri Satguru Jagjit Singh Ji Elibrary NamdhariElibrary@gmail.com

Registered : NW/JL—97 MONTHLY WARIAM February, 1979
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

WANTED SUB DEALERS

ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phones : 565693 562588

Sri Hari Partap Trading Centre

Satguru Partap Singh Market, 10166 Gurdwara Road,
KAROL BAGH — NEW DELHI-110005

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 10-2-1979

Sri Satguru Jagjit Singh Ji Elibrary NamdhariElibrary@gmail.com